੧ੳ ਸਤਿਗੁਰ ਪ੍ਰਸਾਦਿ ॥

"ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ।"




## ਸਲੋਕ ਮਹਲਾ ੪

ਹਉ ਖੜੀ ਨਿਹਾਲੀ ਪੰਧੁ ਮਤੁ ਮੂ ਸਜਣੁ ਆਵਏ ॥
ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ ॥
ਹਉ ਜੀਉ ਕਰੀ ਤਿਸ ਵਿਟਉ ਚਉਖੰਨੀਐ ਜੋ ਮੈ ਪਿਰੀ ਦਿਖਾਵਏ ॥
ਨਾਨਕ ਹਰ ਹੋਇ ਦਇਆਲ ਤਾ ਗੁਰੁ ਪੂਰਾ ਮੇਲਾਵਏ ॥੫॥

# ਲੇਖ ਸੂਚੀ


| ਲੇਖ | ਲੇਖਕ | ਪੰਨਾ |
|---|---|---|
| ਹੁਕਮਨਾਮਾ | ਸ੍ਰੀ ਗੁਰੂ ਹਰਗੋਬਿੰਦ ਸਾਹਿਬ | ੧ |
| ਲੋਹਾ ਕੰਚਨ ਹਿਰਨੁ ਹੋਇ ਕੈਸੇ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੨ |
| ਭਾਈ ਸਾ: ਭਾ: ਰਣਧੀਰ ਸਿੰਘ ਜੀ ਦੀ ਇਕ ਚਿਠੀ ਪੜ੍ਹ ਕੇ | ਪ੍ਰੋ: ਪ੍ਰਕਾਸ਼ ਸਿੰਘ | ੫ |
| ਆਪ ਨੂੰ ਇਹ ਅਰਥ ਆਉਂਦੇ ਹਨ | ਸੰਪਾਦਕ | ੧੫ |
| ਸ਼ਬਦ ਗੁਰੂ | ਭਾ: ਸਾ: ਵਧਾਵਾ ਸਿੰਘ ਜੀ | ੧੬ |
| ਬਾਝੁ ਗੁਰੂ ਡੁੱਬਾ ਸੰਸਾਰ | ਭਾ: ਸਾ: ਹਰਬੰਸ ਸਿੰਘ ਜੀ | ੨੩ |
| ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ | ਪ੍ਰੋ: ਹਰਬੰਸ ਸਿੰਘ ਜੀ | ੨੯ |
| ਭਗਤ ਪੀਪਾ ਜੀ | ਪ੍ਰੋ: ਗੁਰਮੁਖ ਸਿੰਘ | ੩੫ |
| ਗੁਰਮਤਿ ਵਿਚਾਰ | ਪ੍ਰਿੰ: ਮਿਹਰ ਸਿੰਘ | ੩੭ |
| ਸਮਾਗਮਾਂ ਦੇ ਪ੍ਰਬੰਧਕਾਂ ਦੇ ਧਯਾਨ ਯੋਗ ਇਕ ਚਿੱਠੀ | ਇਕ ਸਿੰਘ | ੪੨ |
| ਕਾਹੇ ਪੂਤ ਝਗਰਤ ਹਉ ਸੰਗ ਬਾਪ | ਕੈਪਟਨ ਅਮ੍ਰੀਕ ਸਿੰਘ ਜੀ | ੪੫ |
| ਸਤਿਗੁਰ ਜਾਗਤਾ ਹੈ ਦੇਉ | ਗਿ: ਜਸਮੇਰ ਸਿੰਘ ਪਾਲ | ੫੧ |


www.AKJ.Org

ਐਡੀਟਰ
ਦਲਜੀਤ ਸਿੰਘ

# ਸੂਰਾ

ਸਾਲਾਨਾ ਚੰਦਾ
ਦੇਸ 6 ਰੁਪਏ
ਪ੍ਰਦੇਸ ਸਮੁੰਦਰੀ 15 „

ਸਰਬ ਹਿੰਦ ਅਖੰਡ ਕੀਰਤਨੀ ਜਥੇ ਦਾ ਗੁਰਮਤਿ ਮਾਸਕ ਪੱਤਰ

[ਜਿਲਦ ੫ — ੧ ਅਕਤੂਬਰ ੧੯੭੧ — ਅੰਕ ੯]

## ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਪੂਰਬ ਵਾਸੀ ਸਿੱਖਾਂ ਦੇ ਨਾਮ ਇਕ ਹੁਕਮਨਾਮਾ

"ਗੁਰੂ ਗੁਰੂ ਜਪਣਾ ; ਜਨਮ ਸਵਰੇ ! ਸੰਗਤਿ ਕੀ ਕਾਮਨਾ ਪੂਰੀ ਹਗੁ । ਗੁਰੂ ਦੀ ਆਗਿਆ ਹੋਇ ; ਕੀਰਤਨ ਕਰਨਾ । *ਮਾਸੁ ਮਛੀ ਦੇ ਨੇੜੇ ਨਹੀਂ ਆਵਣਾ ।* ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ ਹੇਇ । ਉਪਰੰਤਿ ਗੁਰੂ ਦੀ ਆਗਿਆ ਹੇਇ : ਭਾਈ ਜਾਪੂ, ਭਾਈ ਗੁਰਦਾਸ ! ਤੁਸਾਂ ਸਭਨਾ ਰਲਕੇ ਸਾਰੇ ਪੂਰਬ ਕੀ ਕਾਰ ਕਰਣੀ । ਜਿਸ ਦਾ ਰੁਪਿਆ ਗੁਰੂ ਦੀ ਕਾਰ ਵਿਚਿ ਪਵਗੁ ; ਤਿਸ ਦਾ ਗੁਰੂ ਦੀ ਦਰਗਾਹ ਥਾਇ ਪਵਗੁ । ਤਿਸਨੋ ਕਦੇ ਕਿਛੁ ਥੁੜ ਨ ਹੋਸਉ—ਰਪਏ ਸਾਇ ਸਤਿ ਦੀ ਹੁੰਡੀ ਕਰਿ ਭੇਜਣੀ ! ਪੰਦਰਾ ਜੋੜੇ ਮੈਂ ਨੋ ਸਵਾਇ ਭੇਜਣਾ ; ਪੰਦਰਹ ਬਾਬਾ ਜੀਉ ਨੋ ਸਵਾਇ ਭੇਜਣਾ ।"

ਨੋਟ :—ਇਹ ਹੁਕਮਨਾਮਾਂ ਉਸ ਸਮੇਂ ਦਾ ਹੈ ਜਦ ਭਾਈ ਗੁਰਦਾਸ ਜੀ ਪੂਰਬ ਵਿਚ ਬਰਾਜੇ ਹੋਇ ਸਨ। "ਬਾਬਾ ਜੀਉ" ਖਤਾਬ ਬਾਬਾ ਗੁਰਦਿਤਾ ਜੀ ਦਾ ਸੀ । ਗੁਰੂ ਸਾਹਿਬਾਨ ਦੇ ਜੋ ਪੁਰਾਤਨ ਹੁਕਨਾਮੇ ਸਿਖ ਪੰਥ ਕੋਲ ਹੁਣ ਮੌਜੂਦ ਹਨ ਉਨ੍ਹਾਂ ਵਿਚੋਂ ਇਹ ਇਕ ਹੈ ।।

ਫ਼ਰੀ ਇੰਡੀਆ ਪ੍ਰਿੰਟਰਜ਼, ਖਿੰਗਰਾਂ ਗੇਟ, ਜਲੰਧਰ ਤੋਂ ਛਪਵਾ ਕੇ ਦਲਜੀਤ ਸਿੰਘ ਐਡੀਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜਥੇ ਲਈ 305-L, ਮਾਡਲ ਟਾਊਨ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।

www.AKJ.Org

# 'ਲੋਹਾ ਕੰਚਨ ਹਿਰਨੁ ਹੋਇ ਕੈਸੇ, ਜਉ ਪਾਰਸਹਿ ਨ ਪਰਸੈ ॥'

## *ਵਲੋਂ : ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*

ਨਾਮ ਨੂੰ ਜਪਣਾ ਨਾਮ ਦਾ ਅਭਿਆਸ ਕਰਨਾ ਨਾਮ ਰੂਪੀ ਪਾਰਸ ਨੂੰ ਪਰਸਣਾ ਹੈ । ਪਰ ਇਸ ਦੀ ਪਾਰਸ ਕਲਾ ਨੂੰ ਸੋਈ ਜਾਣਦੇ ਹਨ ਜਿਨ੍ਹਾਂ ਨੇ ਇਸ ਨੂੰ ਪਰਸਿਆ ਹੋਵੇ । ਪਰ ਇਹ ਐਸਾ ਪਾਰਸ ਹੈ, ਜਿਸ ਨੂੰ ਖਿਨ ਖਿਨ ਪਰਸਣ ਦੀ ਲੋੜ ਹੈ । ਜਿਉਂ ਜਿਉਂ ਇਸ ਨੂੰ ਪਰਸੋਗੇ ਤਿਉਂ ਤਿਉਂ ਪਾਰਸ ਹੁੰਦੇ ਚਲੇ ਜਾਓਗੇ । ਪਾਰਸ ਕਲਾ ਦੀਆਂ ਡਿਗਰੀਆਂ ਪਰੇ ਤੋਂ ਪਰੇ ਹਨ ਤੇ ਪਾਰਸ ਪਰਸਨ ਵਾਲਾ ਅਮਲ ਅਭਿਆਸ ਭੀ ਪਰੇ ਤੋਂ ਪਰੇ ਹੈ । ਲੋਕ ਤਾਂ ਛੂ ਮੰਤਰ ਕੀ ਛਾਈ ਹੀ ਲੋੜਦੇ ਹਨ, ਪਰ ਗੁਰੂ ਘਰ ਵਿਚ ਸਭ ਕੁਛ ਹੈ । ਅੰਮ੍ਰਿਤ ਨਾਮ, ਪਾਰਸ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਜਿਸ ਅੰਮ੍ਰਿਤ ਅਧਿਕਾਰੀ ਸਿਖੀ ਦੇ ਜਗਿਆਸੂ ਨੂੰ ਅੰਮ੍ਰਿਤ ਛਕਣ ਸਮੇਂ ਨਾਮ ਗੁਰਮੰਤ੍ਰ ਦੀ ਅਮਰ ਜੀਵਨੀ ਗੁੜ੍ਹਤੀ ਮਿਲ ਗਈ, ਉਸ ਦੇ ਅੰਤਰ ਆਤਮੇ ਅੰਮ੍ਰਿਤ ਛਕਣ ਸਾਰ ਅਤੇ ਅੰਮ੍ਰਿਤ ਨਾਮ ਮਿਲਣ ਸਾਰ ਹੀ ਛਿਨਕ ਮਾਤਰ ਵਿਚ ਪਾਰਸ ਕਲਾ ਪਰਵੇਸ਼ ਹੋ ਜਾਵੰਦੀ ਹੈ । ਰਸ-ਜੋਤਿ ਪ੍ਰਕਾਸ਼ ਵਾਲੀ ਬਵਸਥਾ ਕੇਵਲ ਇਸ ਅੰਮ੍ਰਿਤ ਨਾਮ ਦੀ ਪਾਰਸ ਕਲਾ ਦੁਆਰਾ ਹੀ ਪ੍ਰਾਪਤ ਹੁੰਦੀ ਹੈ । ਜਿਉਂ ਜਿਉਂ ਨਾਮ ਅਭਿਆਸ ਕਮਾਈ ਹੋਵੇਗੀ, ਤਿਉਂ ਤਿਉਂ ਰਸ-ਜੋਤਿ-ਪ੍ਰਕਾਸ਼ ਕਣੀ ਦਾ ਵਿਗਾਸ ਵਧੇਰੇ ਤੋਂ ਵਧੇਰੇ ਹੁੰਦਾ ਚਲਾ ਜਾਇਗਾ । ਇਸ ਜੋਤ ਪ੍ਰਕਾਸ਼ ਬਵਸਥਾ ਦੇ ਚੜ੍ਹਾਉ ਦਾ ਥਾਹ ਕੁਛ ਨਹੀਂ । ਪਰੇ ਤੋਂ ਪਰੇ ਹੈ । ਅਤੇ ਨਾਮ ਅਭਿਆਸ ਕਮਾਈ ਦਾ ਭੀ ਥਾਹ ਨਹੀਂ ਹੈ । ਜਿਨ੍ਹਾਂ ਪੂਰਬ-ਅੰਕਰ ਕਰਮ ਕਰੂਰੀ ਜਨਾਂ ਉਤੇ ਅੰਮ੍ਰਿਤ ਛਕਣ ਸਮੇਂ ਉਪਰ ਲਿਖੇ ਅਨੁਸਾਰ ਤੱਤ ਕਾਲ ਦੀ ਰਸ-ਜੋਤਿ ਪ੍ਰਕਾਸ਼ ਵਾਲੀ ਖੇਡ ਨਹੀਂ ਵਰਤਦੀ, ਪਰ ਨਾਮ ਗੁਰਮੰਤ੍ਰ ਦੀ ਦ੍ਰਿੜ ਪ੍ਰਾਪਤੀ ਹੋ ਜਾਂਦੀ ਹੈ; ਉਹ ਭੀ ਨਾਮ ਅਭਿਆਸ ਕਮਾਈ ਦੁਆਰਾ ਰਸ-ਜੋਤਿ ਪ੍ਰਕਾਸ਼ ਵਾਲਾ ਜਲਵਾ ਦੇਖ ਸਕਦੇ ਹਨ । ਪਰ ਇਸ ਰਸ-ਜੋਤਿ ਪ੍ਰਕਾਸ਼ ਦੇ ਲਵੇਂ ਵਾਲੀ ਭੀ ਅਕਥ ਕਥਾ ਹੈ । ਸੋ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਅਭਿਆਸੀ ਜਨ ਪਰ ਨਾਮ ਅਭਿਆਸ ਕਮਾਈ ਦੁਆਰਾ ਏਹ ਦਸ਼ਾ ਜ਼ਰੂਰ ਵਰਤਦੀ ਹੈ ਕਿਉਂਕਿ ਨਾਮ ਵਿਚ ਪਾਰਸ ਕਲਾ ਹੈ । ਜਿਉਂ ਜਿਉਂ ਇਸ ਨੂੰ ਪਰਸੋਗੇ ਅਰਥਾਤ ਜਿਉਂ ਜਿਉਂ ਇਸ ਦਾ ਅਭਿਆਸ ਕਮਾਈ ਕਰੋਗੇ, ਤਿਉਂ ਤਿਉਂ ਇਸ ਦਾ ਪਾਰਸ ਤਿਲਸਮੀ ਮੁਅਜਜ਼ਾ ਵਰਤਦਾ ਜਾਣਾ ਹੈ । *ਲੋਕੀ ਕਹਿੰਦੇ ਹਨ ਕਿ ਬਥੇਰਾ ਬਾਣੀ ਪੜ੍ਹਦੇ ਹਾਂ, ਬਥੇਰਾ ਨਾਮ ਜਪਦੇ ਹਾਂ, ਕੁਛ ਨਹੀਂ ਬਣਦਾ, ਸਾਨੂੰ ਐਨੇ ਸਾਲ ਹੋ*



www.AKJ.Org

*ਗਏ ਪਰ ਜੋ ਕੁਛ ਨਾਮ ਬਾਣੀ ਸੁਨਣ ਪੜ੍ਹਨ ਦਾ ਮਹਾਤਮ ਗੁਰਬਾਣੀ ਵਿਚ ਲਿਖਿਆ ਹੈ ਉਸ ਬਵਸਥਾ ਵਾਲੀ ਘਟਨਾ ਨਹੀਂ ਘਟੀ ।* ਇਹ ਉਨ੍ਹਾਂ ਦਾ ਕਹਿਣਾ ਫਜ਼ੂਲ ਹੈ । ਯਾ ਤਾਂ ਉਨ੍ਹਾਂ ਨੂੰ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਅੰਮ੍ਰਿਤ ਛਕਣ ਦੀ ਬਿਧੀ ਅਤੇ ਗੁਰਮੰਤਰ ਦੀ ਪ੍ਰਾਪਤੀ ਨਹੀਂ ਹੋਈ ਯਾ ਅੰਮ੍ਰਿਤ ਛਕਣ ਪਸਚਾਤ ਕੁਛ ਬਿਘਨ ਪੈ ਗਿਆ ਹੈ । ਏਹ ਗਲ ਪੱਕੀ ਹੈ ਕਿ ਨਿਗੁਰੇ ਪੁਰਸ਼ਾਂ ਨੂੰ ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ, ਨਾਮ ਨਹੀਂ ਪ੍ਰਾਪਤ ਹੋ ਸਕਦਾ । ਨਾਮ ਦੀ ਪ੍ਰਾਪਤੀ ਪਿਛੋਂ ਨਾਮ ਦੀ ਕਮਾਈ ਸਿਮ੍ਰਣ, ਗੁਰਬਾਣੀ ਦੀ ਅਤੇ ਕੇਵਲ ਗੁਰਬਾਣੀ ਦੀ ਕਮਾਈ ਉਨ੍ਹਾਂ ਦੀ ਗੁੰਗੇ ਮਾਤ੍ਰ ਹੀ ਹੁੰਦੀ ਹੈ, ਅਤੇ ਅੰਮ੍ਰਿਤ ਛਕ ਕੇ ਨਾਮ ਪ੍ਰਾਪਤ ਕਰਕੇ ਭੀ ਬਹੁਤ ਸਾਰੇ ਜਗਿਆਸੂ ਐਸੇ ਹੁੰਦੇ ਹਨ ਕਿ ਜਿਨ੍ਹਾਂ ਨੂੰ ਅੰਮ੍ਰਿਤ ਛਕਣ ਸਮੇਂ ਨਾਮ ਰਸ ਪ੍ਰਕਾਸ਼ਤ ਨਹੀਂ ਹੋਇਆ ਹੁੰਦਾ ਤਾਂ ਤੇ ਉਨ੍ਹਾਂ ਦੀ ਨਾਮ ਦੀ ਅਤੇ ਬਾਣੀ ਦੀ ਕਮਾਈ ਬਹੁਤ ਥੋੜ੍ਹੀ ਹੁੰਦੀ ਹੈ । ਨਾਮ ਬਾਣੀ ਵਿਚ ਲਥ ਪਥ ਹੋ ਕੇ ਜੁਟੇ ਬਿਨਾਂ ਤਾਂ 'ਸੇਵਾ ਥੋਰੀ ਮਾਗਨ ਬਹੁਤਾ' ਵਾਲੀ ਗਲ ਹੀ ਰਹਿ ਜਾਂਦੀ ਹੈ । ਜਿਸ ਪ੍ਰਕਾਰ ਕਿ ਮਾਇਆ ਦੇ ਧੰਦ ਬੰਧ ਵਿਚ ਪ੍ਰਾਣੀ ਲਥ ਪਥ ਅਤੇ ਲੰਪਟੀ ਰਹਿੰਦਾ ਹੈ, ਇਸ ਪ੍ਰਕਾਰ ਇਕ ਵਾਰ ਤਾਂ ਰਾਤ ਦਿਨ ਕਰਕੇ ਨਾਮ ਕਮਾਈ ਵਿਚ ਜੁਟਣਾ ਪੈਂਦਾ ਹੈ । ਪਹਿਲੇ ਪਹਿਲ ਸਿਲ ਅਲੂਣੀ ਚੱਟਣੀ ਪੈਂਦੀ ਹੈ, ਜਦ ਤਾਈਂ ਕਿ ਨਾਮ ਦਾ ਰਸ ਨਹੀਂ ਆਉਂਦਾ । ਪਹਿਲਾਂ ਤਾਂ ਇਸ ਜਿਉੜੇ ਨੂੰ ਜਨਮ ੨ ਦੀ ਮੈਲ ਲਗੀ ਹੋਈ ਹੁੰਦੀ ਹੈ, ਫੇਰ ਏਸ ਜਨਮ ਵਿਚ ਆ ਕੇ ਭੀ ਮਸਾਂ ਪਾਸੰਗ ਮਾਤਰ ਹੀ ਇਸ ਦੀ ਕਮਾਈ ਹੁੰਦੀ ਹੈ । ਤਾਂ ਅਨਮਾਨ ਲਗਾ ਲਵੋ ਕਿ ਉਸ ਦਾ ਏਹ ਆਖਣਾ ਕੀ ਅਰਥ ਰਖਦਾ ਹੈ ਕਿ ਮੈਂ ਬੜੀ ਕਮਾਈ ਕੀਤੀ, ਬੜੀ ਬਾਣੀ ਪੜ੍ਹੀ ਸੁਣੀ ਪਰ ਕਖ ਨਹੀਂ ਬਣਿਆ । ਏਹ ਉਸਦਾ ਆਖਣਾ ਗਲਤ ਅਤੇ ਕੋਰਾ ਝੂਠ ਹੈ ਜਨਮ ਮਰਨ ਦੇ ਕੁਕਰਮਾ ਦੀ ਮੈਲ ਦੇ ਮੁਕਾਬਲੇ ਵਿਚ ਕਮਾਈ ਤਾਂ ਨਹੁੰ ਮਾਤਰ ਭੀ ਨਹੀਂ ਹੁੰਦੀ । ਸਮੇਂ ਦਾ ਦਸੌਂਧ ਭੀ ਨਹੀਂ ਲੇਖੇ ਲਗਦਾ, ਨਾਮ ਬਾਣੀ ਦੀ ਕਮਾਈ ਵਿਚ, ਤਾਂ ਉਸ ਦਾ ਸ਼ੰਕਾ ਬਿਰਥਾ ਅਤੇ ਬਿਲਕੁਲ ਫਜ਼ੂਲ ਹੈ । ਵੈਦ ਗੁਰੂ ਦੇ ਹੁਕਮ ਅਨੁਸਾਰ ਉਹ ਕਮਾਈ ਹੀ ਨਹੀਂ ਕਰਦਾ ਅਤੇ ਨਾ ਹੀ ਵੈਦ ਗੁਰੂ ਦੀ ਹਦਾਇਤ ਅਨੁਸਾਰ ਪਥ ਸੰਜਮ ਰਖਦਾ ਹੈ ਅਤੇ ਬਿਰਥਾ ਦੋਸ਼ ਨਾਮ ਬਾਣੀ ਨੂੰ ਦਿੰਦਾ ਹੈ । ਕੀ "ਦੰਮ ਦੰਮ ਸਦਾ ਸਮਾਲਦਾ ਦੰਮ ਨਾ ਬਿਰਥਾ ਜਾਇ" ਦੇ ਵਾਕ ਅਨੁਸਾਰੀ ਹਦਾਇਤ ਉਤੇ ਉਹ ਪੂਰੀ ਵਰਤੋਂ ਕਰਦਾ ਹੈ ? ਕਦੇ ਨਹੀਂ । ਜੇ ਕਰੇ ਤਾ ਨਾਮ ਬਾਣੀ ਪਾਰਸ ਕਲਾ ਜ਼ਰੂਰ ਵਰਤੇ :—

"ਪੂਛਥ ਹੈ ਵੈਦ ਖਾਤ ਆਉਖਦ ਨਾ ਸੰਜਮ ਸੇਤੀ,
ਕੈਸੇ ਮਿਟੈ ਰੋਗ ਸੁਖ ਸਹਜ ਸਮਾਈਐ ॥"

"ਗਾਏ, ਸੁਨੇ, ਆਂਖੇ ਮੀਚੈ ਪਾਈਐ ਨ ਪਰਮ ਪਦ,
ਗੁਰ ਉਪਦੇਸ ਗਹਿ ਜਉ ਲਉ ਰਿਦੇ ਨਾ ਕਮਾਈਐ ॥"

ਵਾਲਾ ਭਾਈ ਗੁਰਦਾਸ ਜੀ ਦਾ ਭਾਵ ਬਿਲਕੁਲ ਸਤਿ ਹੈ । ਬਸ ! ਗੁਰ ਉਪਦੇਸ਼ ਗਹਿ ਕਟਕੇ



www.AKJ.Org

ਕਮਾਉਣ ਵਿਚ ਹੀ ਕਸਰ ਰਹਿ ਜਾਂਦੀ ਹੈ। ਆਮ ਤੌਰ ਤੇ ਤਾਂ ਇਸ ਗੁਰ ਉਪਦੇਸ਼ ਨੂੰ ਲੋਕੀ ਸਰਸਰੀ ਅਰਥਾਂ ਵਾਲਾ ਉਪਦੇਸ਼ ਹੀ ਸਮਝਦੇ ਹਨ ਪਰ ਗੁਰਮਤਿ ਦਾ ਸਚਾ ਉਪਦੇਸ਼ ਕੀ ਹੈ ਅਤੇ ਉਸ ਉਤੇ ਅਮਲ ਕਰਨ ਦੀ ਪਾਰਸ ਕਲਾ ਕੀ ਵਰਤਦੀ ਹੈ? ਓਹ ਇਸ ਇਕ ਗੁਰਵਾਕ ਪੰਗਤੀ ਵਿਚ ਬੜੀ ਅਸਚਰਜ ਸੁੰਦਰਤਾ ਸਹਿਤ ਗੁੰਫਨ ਹੈ। ਯਥਾ :

'ਸਚਾ ਉਪਦੇਸ ਹਰਿ ਜਾਪਣਾ ਮਲ ਜਨਮ ਜਨਮ ਕੀ ਕਾਟ ॥'

ਭਾਵ ਨਾਮ ਜਪਣ ਰੂਪੀ ਸਚੇ ਹੁਕਮ ਉਪਦੇਸ਼ ਦੀ ਪਾਰਸ ਕਮਾਈ ਦੇ ਤੁਫੈਲ ਜਨਮ ਜਨਮ ਦੀ ਮੈਲ ਕੱਟੀ ਜਾਂਦੀ ਹੈ। ਹੁਣ ਜੀਉ ਕਰਦਾ ਹੈ ਕਿ ਨਾਮ ਜਪਣ ਦੀ ਪਾਰਸ ਕਲਾ ਪ੍ਰਥਾਇ ਕੁਛਕੁ ਗੁਰ ਪ੍ਰਮਾਣਾਂ ਦੀ ਲੜੀ ਲਿਖੀ ਜਾਏ। ਤਾਂ ਕਿ ਇਹ ਗਲ ਭਲੀ ਭਾਂਤ ਸਿਧ ਹੋ ਜਾਵੇ ਕਿ ਨਾਮ ਜਪਣਾ ਕਦੇ ਬਿਰਥਾ ਨਹੀਂ ਜਾਂਦਾ। ਨਾਮ ਰੂਪੀ ਅਉਖਧੀ ਵਰਤਣ ਕਰਿ ਸਾਰੇ ਸਰੀਰਕ ਅਤੇ ਮਾਨਸਕ ਰੋਗਾਂ ਦਾ ਖਾਤਮਾ ਹੋ ਜਾਂਦਾ ਹੈ ਅਤੇ ਨਾਮ ਦੇ ਜਪਣ ਕਰਿ ਅਮਿਤ ਬਰਕਤਾਂ ਆ ਵੁਠਦੀਆਂ ਹਨ ਅਤੇ ਅਕਲ ਕਲਾ ਮਈ ਨਾਨਾ ਪ੍ਰਕਾਰ ਦੀ ਪਾਰਸ ਸ਼ਕਤੀ ਪ੍ਰਾਪਤ ਹੁੰਦੀ ਹੈ। ਤਾਂ ਤੇ ਨਾਮ ਮਹਿਮਾ ਵਾਲੇ ਪਰਮਾਣ ਲਿਖਣੇ ਲਾਜ਼ਮੀ ਹਨ। ਯਥਾ ਗੁਰਵਾਕ :—

ਭੈਰਉ ਮਹਲਾ ੫ ॥

੧. "ਨਾਮ ਲੈਤ ਮਨੁ ਪਰਗਟੁ ਭਇਆ ॥ ਨਾਮ ਲੈਤ ਪਾਪੁ ਤਨ ਤੇ ਗਇਆ ॥ ਨਾਮੁ ਲੈਤ ਸਗਲ ਪੁਰਬਾਇਆ ॥ ਨਾਮੁ ਲੈਤ ਅਠ ਸਠਿ ਮਜਨਾਇਆ ॥ ੧ ॥ ਤੀਰਥੁ ਹਮਰਾ ਹਰਿ ਕੋ ਨਾਮੁ ॥ ਗੁਰਿ ਉਪਦੇਸਿਆ ਤਤੁ ਗਿਆਨੁ ॥ ੧ ॥ ਰਹਾਉ ॥ ਨਾਮੁ ਲੈਤ ਦੁਖੁ ਦੂਰਿ ਪਰਾਨਾ ॥ ਨਾਮੁ ਲੈਤ ਅਤਿ ਮੂੜ ਸੁਗਿਆਨਾ ॥ ਨਾਮੁ ਲੈਤ ਪਰਗਟਿ ਉਜਿਆਰਾ ॥ ਨਾਮੁ ਲੈਤ ਛੂਟੇ ਜੰਜਾਰਾ ॥ ਨਾਮੁ ਲੈਤ ਜਮੁ ਨੇੜਿ ਨ ਆਵੈ ॥ ਨਾਮੁ ਲੈਤ ਦਰਗਾਹ ਸੁਖੁ ਪਾਵੈ ॥ ਨਾਮੁ ਲੈਤ ਪ੍ਰਭੂ ਕਹੈ ਸਾਬਾਸਿ ॥ ਨਾਮੁ ਹਮਾਰੀ ਸਾਚੀ ਰਾਸਿ ॥ ੩ ॥ ਗੁਰ ਉਪਦੇਸੁ ਕਹਿਓ ਇਹੁ ਸਾਰੁ ॥ ਹਰਿ ਕੀਰਤਿ ਮਨ ਨਾਮੁ ਆਧਾਰੁ ॥ ਨਾਨਕ ਉਧਰੇ ਨਾਮ ਪੁਨਹਚਾਰ ॥ ਅਵਰ ਕਰਮ ਲੋਕਹਿ ਪਤੀਆਰ ॥" ੪ ॥

੨. "ਸਦਾ ਸਖਾਈ ਹਰਿ ਹਰਿ ਨਾਮੁ ॥ ਜਿਸੁ ਚੀਤਿ ਆਵੈ ਤਿਸੁ ਸਦਾ ਸੁਖੁ ਹੋਵੈ ਨਿਕਟ ਨ ਆਵੈ ਤਾਕੈ ਜਾਮੁ ॥"

੩. ਰੋਗ ਦੋਖ ਗੁਰ ਸਬਦਿ ਨਿਵਾਰੇ ॥ ਨਾਮ ਅਉਖਧੁ ਮਨਿ ਭੀਤਰਿ ਸਾਰੇ ॥ ਗੁਰ ਭੇਟਤ ਮਨਿ ਭਇਆ ਅਨੰਦ ॥ ਸਰਬ ਨਿਧਾਨ ਨਾਮ ਭਗਵੰਤ ॥

੪. "ਸਭ ਤੇ ਊਚਾ ਜਾਕਾ ਨਾਉ ॥ ਸਦਾ ਸਦਾ ਤਾਕੇ ਗੁਣ ਗਾਉ ॥ ਤਿਸੁ ਸਿਮਰਤ ਸਗਲਾ ਦੁਖੁ ਜਾਇ ॥ ਸਰਬ ਸੂਖ ਵਸਹਿ ਮਨ ਆਇ ॥ ਸਿਮਰਿ ਮਨਾ ਤੂ ਸਾਚਾ ਸੋਇ ॥ ਹਲਤਿ ਪਲਤਿ ਤੁਮਰੀ ਗਤਿ ਹੋਇ ॥

("ਬਾਬਾ ਵੈਦ ਰੋਗੀਆਂ ਦਾ" ਵਿਚੋਂ)



www.AKJ.Org

ੴ ਸਤਿ ਗੁਰ ਪ੍ਰਸਾਦਿ

# *ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਇਕ ਚਿੱਠੀ ਪੜ੍ਹਕੇ*

ਪ੍ਰੋ: ਪ੍ਰਕਾਸ਼ ਸਿੰਘ
ਇੰਚਾਰਜ ਸਿੱਖ ਇਤਿਹਾਸ ਖੋਜ ਵਿਭਾਗ
ਖਾਲਸਾ ਕਾਲਜ, ਅੰਮ੍ਰਿਤਸਰ ।

"ਕਈ ਬਾਰ ਪਸਰਿਓ ਪਾਸਾਰਾ.. ......" ਕਿੰਨੀ ਵੇਰ ? ਅਣਗਿਣਤ ਵੇਰ । ਇਹ ਸ੍ਰਿਸ਼ਟੀ ਜਿਸ ਵਿਚ ਅਸੀਂ ਵਿਚਰ ਰਹੇ ਹਾਂ, ਇਸ ਦੀ ਰਚਨਾ ਕਿਵੇਂ ਤੇ ਕਦੋਂ ਹੋਈ, ਅਕਥਨੀਅ ਹੈ "ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ।"

ਨਿੱਕੇ ਨਿੱਕੇ ਕਿਰਮਾਂ ਤੋਂ ਲੈ ਕੇ ਵਡੇ ਵਡੇ ਹਾਥੀਆਂ ਗੈਂਡਿਆਂ ਤੇ ਮਗਰਮਛਾਂ ਤਕ ਅਨੇਕਾਂ ਜੀਵ ਜੰਤੂ ਹਨ । ਕੁਦਰਤ ਦੀ ਰਚਨਾ ਅਸੁ-ਦਰਜ ਹੈ । 'ਚੁਰਾਸੀ ਲਖ' ਜੂਨਾਂ ਵਿਚੋਂ ਮਨੁਖ ਇਸ ਧਰਤੀ ਦਾ 'ਸਿਕਦਾਰ' ਹੈ; ਹੋਰ ਜੂਨਾਂ ਇਸ ਦੀਆਂ 'ਪਨਹਾਰੀ' ਹਨ । ਇਹ 'ਅਸ਼ਰਫੁਲ-ਮਖ਼ਲੂਕਾਤ' ਹੈ; ਸਿਰਫ ਇਸ ਲਈ ਨਹੀਂ ਕਿ ਇਹ ਇਕ 'ਸਭਯ-ਜਾਨਵਰ' ਹੈ ਸਗੋਂ ਵਧੇਰੇ ਇਸ ਕਰਕੇ ਕਿ ਮਨੁਖਾ ਜਨਮ ਦੁਰਲਭ ਹੈ । ਬੜੇ ਭਾਗਾਂ ਨਾਲ ਮਿਲਦਾ ਹੈ ਤੇ ਇਸ ਦੁਆਰਾ ਹੀ ਪ੍ਰਭੂ ਨੂੰ ਪ੍ਰਾਪਤ ਕਰ ਸਕੀਦਾ ਹੈ । 'ਭਈ ਪ੍ਰਾਪਤ ਮਾਨੁਖ ਦੇਹੁਰੀਆ, ਗੋਬਿੰਦ ਮਿਲਣ ਕੀ ਇਹੁ ਤੇਰੀ ਬਰੀਆ ।"

ਉਂਜ ਤਾਂ ਮਿਹਰਬਾਨ ਪਰਮਾਤਮਾ ਹਰ ਜੀਵ ਜੰਤੂ ਤੇ ਮਿਹਰ ਕਰ ਰਿਹਾ ਹੈ । ਪਰ ਅਸਾਂ ਮਨੁਖਾਂ ਤੇ ਸਭ ਤੋਂ ਵਡੀ ਮਿਹਰ ਉਸ ਨੇ ਇਹ ਕੀਤੀ ਹੈ ਕਿ ਉਸ ਨੇ ਸਾਨੂੰ ਮਨੁਖਾ-ਜਨਮ ਬਖਸ਼ਿਆ ਹੈ । ਮਨੁਖਾ ਜਨਮ ਵਿਚ ਹੀ ਉਸ ਦਇਆਲੂ ਪ੍ਰਭੂ ਦੀ ਦਇਆ ਦਾ ਸਭ ਤੋਂ ਵਧ ਪਾਤਰ ਬਣ ਸਕੀਦਾ ਹੈ । ਅਸੀਂ ਇਸ ਜਾਮੇ ਵਿਚ ਹੀ ਉਸ ਦੀ ਮਿਹਰ ਨੂੰ ਜਾਣ, ਪਛਾਣ ਕੇ ਉਸ ਦੀ ਬਖਸ਼ਸ਼ ਤੇ ਨਦਰ ਲਈ ਝੋਲੀ ਅੱਡ ਸਕਦੇ ਹਾਂ ਅਤੇ ਉਸ ਦੀ ਸਭ ਤੋਂ ਵੱਡੀ ਮਿਹਰ ਇਹ ਹੁੰਦੀ ਹੈ ਕਿ ਉਹ ਨੇਮੀ ਪ੍ਰੇਮੀ, ਸੱਚੇ ਤੇ ਸੁੱਚੇ ਸਿਮਰਨ ਵਿਚ ਜੁੜ ਕੇ ਤਰਲੇ ਕਰਨ ਵਾਲਿਆਂ ਦੀਆਂ ਵੈਰਾਗ-ਮਈ ਅਰਦਾਸਾਂ ਸੁਣ ਕੇ ਮਿਹਰ ਦੇ ਘਰ ਆ ਕੇ ਉਨ੍ਹਾਂ ਨੂੰ ਆਪਣੇ ਨਾਲ ਮੇਲ ਲੈਂਦਾ ਹੈ ।



www.AKJ.Org

ਸਾਰੇ ਮਨੁੱਖ ਇਕੋ ਜਹੇ ਨਹੀਂ । ਕੋਈ ਚੰਗੇ ਹਨ ਕੋਈ ਮੰਦੇ । ਕੋਈ ਨੇਕ ਹਨ ਤੇ ਕੋਈ ਬਦ । ਅਤੇ ਮਨੁਖੀ ਜਾਮੇ ਵਿਚ ਹੀ ਸਰਬੋਤਮ ਮਨੁਖ ਗੁਰੂ ਅਵਤਾਰ ਹੋ ਨਿਬੜਦੇ ਹਨ । ਭਾਵੇਂ ਪਰਮਾਤਮਾ ਆਪਣੀ ਹੋਂਦ ਤੇ ਆਪਣੇ ਗੁਣਾਂ ਦੇ ਝਲਕਾਰੇ ਸਾਰੀ ਕੁਦਰਤ ਵਿਚੋਂ ਹਰ ਛਿਨਪਲ ਦੇ ਰਿਹਾ ਹੈ ਪਰ ਗੁਰੂਆਂ ਤੇ ਅਵਤਾਰਾਂ ਦੇ ਜੀਵਨ ਚਮਤਕਾਰਾਂ ਵਿਚੋਂ ਉਸਦੇ ਸਭ ਤੋਂ ਵਧ ਝਲਕਾਰੇ ਪਏ ਦਿਸਦੇ ਹਨ ।

ਇੰਜ ਹੀ ਗੁਰੂਆਂ ਨੂੰ ਮੰਨਣ ਵਾਲੇ ਤੇ ਗੁਰੂਆਂ ਦੇ ਦਰਸਾਏ ਮਾਰਗਾਂ ਤੇ ਚਲਣ ਵਾਲੇ ਮਹਾਂਪੁਰਸ਼ਾਂ ਦੇ ਜੀਵਨ ਤੋਂ ਭੀ ਪ੍ਰਭੂ-ਹੋਂਦ ਤੇ ਪ੍ਰਭੂ ਮਿਹਰ ਤੇ ਪ੍ਰਭੂ ਦੇ ਉਤਮ ਗੁਣਾਂ ਦੇ ਝਲਕਾਰੇ ਮਿਲਦੇ ਹਨ

ਹੁਣ ਤਕ ਕਿਤਨੇ ਧਰਮ ਹੋਏ ?—ਬੇਅੰਤ । ਹੁਣ ਤਕ ਕਿਤਨੇ ਅਵਤਾਰ ਤੇ ਪੈਗੰਬਰ ਹੋਏ ? ਬੇਅੰਤ । ਹੁਣ ਤਕ ਕਿਤਨੇ ਸੰਤ ਮਹਾਤਮਾ ਤੇ ਆਤਮਕ ਤੌਰ ਤੇ ਉੱਚੇ ਮਹਾਂਪੁਰਸ਼ ਹੋਏ ? ਅਣ ਗਿਣਤ ।

ਅਨੇਕਾਂ ਧਰਮਾਂ ਵਿਚੋਂ ਇਕ ਧਰਮ, ਨਵੀਨ ਧਰਮ, ਸਰਲ ਤੇ ਸਾਦਾ ਧਰਮ ਪਰਮਾਤਮਾ ਦੇ ਨਾਲ ਨਾਲ ਅਮਲ ਉਤੇ ਨਿਸਚਾ ਦ੍ਰਿੜਾਉਣ ਵਾਲਾ ਧਰਮ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਚਲਾਇਆ ਹੋਇਆ ਸਿਖ ਧਰਮ ਹੈ ਜੋ ਕਿ ਸੰਸਾਰ ਵਿਚ ਵਿਚਰ ਕੇ ਦੁਨੀਆਂ ਵਿਚ ਰਹਿ ਕੇ ਗ੍ਰਿਹਸਤ ਮਾਰਗ ਅਪਣਾਉਣ ਤੇ 'ਗੁਰਮੁਖ ਮਾਇਆ ਵਿਚ ਉਦਾਸੀ' ਦਾ ਉਪਦੇਸ਼ ਦੇਂਦਾ ਹੈ ।

ਇਸ ਉਪਦੇਸ਼ ਤੇ ਚਲਕੇ ਅਨੇਕਾਂ ਹੀ ਗੁਰਮੁਖਾਂ ਨੇ ਸਾਡੇ ਲਈ ਪੂਰਨੇ ਪਾਏ, ਹੁਣ ਭੀ ਪਾ ਰਹੇ ਹਨ ਤੇ ਅਗਾਂਹ ਭੀ ਪਾਂਦੇ ਰਹਿਣਗੇ । ਭਾਵੇਂ ਗੁਰਮੁਖਾਂ ਦੀ ਗਿਣਤੀ ਮਨਮੁਖਾਂ ਦੇ ਮੁਕਾਬਲੇ ਵਿਚ ਥੋੜੀ ਹੀ ਹੁੰਦੀ ਹੈ ਪਰ ਫਿਰ ਵੀ ਜੇ ਸਮੁਚੇ ਤੌਰ ਤੇ ਬੀਤੇ ਸਮੇਂ ਤੇ ਬੀਤ ਰਹੇ ਸਮੇਂ ਤੇ ਨਜ਼ਰ ਮਾਰੀਏ ਤਾਂ ਗੁਰੂ ਨਾਨਕ ਦੇਵ ਦੇ ਕਈ ਸਿਖਾਂ ਦੀਆਂ ਆਦਰਸ਼ਕ ਜੀਵਨੀਆਂ ਸਾਡੇ ਸਾਹਮਣੇ ਆ ਜਾਂਦੀਆਂ ਹਨ ।

ਅਜੋਕੇ ਕਾਲ ਵਿਚ ਧਰਮ ਦਾ ਅਭਾਵ ਤਾਂ ਨਹੀਂ ਹੋਇਆ ਤੇ ਨਾ ਹੀ ਸੰਸਾਰ ਘਟੋ ਘਟ ਮਨੌਤ ਕਰਕੇ ਅਧਰਮੀ ਹੀ ਹੋਇਆ ਹੈ । ਹਾਂ ਧਰਮ ਤੇ ਅਮਲ ਘਟਦਾ ਜਾ ਰਿਹਾ ਹੈ ਅਤੇ ਅਰੁਚੀ ਹੁੰਦੀ ਜਾ ਰਹੀ ਹੈ । ਮਾਇਆ-ਬਹੁ-ਰੂਪੀ ਮਾਇਆ- ਦਾ ਜੋ ਪਰਭਾਵ ਪੈ ਰਿਹਾ ਹੈ ਇਸ ਕਾਰਨ ਇਹੋ ਜਿਹੇ ਗੁਰਮੁਖ ਵੀ ਘਟਦੇ ਜਾ ਰਹੇ ਹਨ । ਪਰ ਫਿਰ ਵੀ ਜਿਵੇਂ ਸਚਾਈ ਦਾ ਬੀਜ ਨਾਸ਼ ਨਹੀਂ ਹੋ ਸਕਦਾ ਤੇ 'ਓੜਕ ਸਚ ਰਹੀ' ਦੀ ਅਟਲ ਸਚਾਈ ਹਮੇਸ਼ਾਂ ਲਈ ਹੀ ਰਹੇਗੀ, ਇੰਜ ਹੀ ਸੱਚੇ ਮਹਾਂਪੁਰਖਾਂ, ਸਤਿ-ਚਿਤ-ਆਨੰਦ ਵਿਚ ਲੀਨ, 'ਆਦਿ ਸਚੁ ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ' ਦਾ ਜਾਪ ਕਰਨ ਵਾਲੇ ਸਤਿਪੁਰਸ਼ਾਂ ਤੇ ਸੱਚ ਖੰਡ ਦੇ ਉਚੇ ਮੰਡਲਾਂ ਵਿਚ ਉਡਾਰੀਆਂ ਲਾਣ ਵਾਲੇ ਸਚਿਆਰ ਮਹਾਂਪੁਰਸ਼ਾਂ ਦਾ ਅਭਾਵ ਕਦੇ ਵੀ ਨਹੀਂ ਹੋ ਸਕਦਾ । ਸਗੋਂ ਆਦਿ ਜੁਗਾਦਿ ਤੋਂ ਜਿਨ੍ਹਾਂ ਸਤਿ ਪੁਰਸ਼ਾਂ ਦਾ ਬੋਲ ਬਾਲਾ ਰਿਹਾ ਹੈ ਉਨ੍ਹਾਂ ਦੀ ਹੀ ਆਦਿ ਤੋਂ ਅੰਤ ਤਕ ਪਰਮਾਰਥਕ ਤੇ ਆਤਮਕ ਸਰਦਾਰੀ ਰਹੇਗੀ ।



www.AKJ.Org

ਇਹੋ ਜਿਹੇ ਪਹੁੰਚੇ ਹੋਏ ਗੁਰਮੁਖਾਂ ਵਿਚੋਂ, ਵੀਹਵੀਂ ਸਦੀ ਤੇ ਕੁਝ ਕੁ ਉਂਗਲਾਂ ਦੇ ਗਿਣੇ ਜਾਣ ਵਾਲੇ ਸਤਿਪੁਰਸ਼ਾਂ ਤੇ ਜੇ ਇਕ ਸਰਸਰੀ ਨਜ਼ਰ ਮਾਰੀਏ ਤਾਂ ਬਾਬਾ ਲਾਲ ਸਿੰਘ, ਖੇਮ ਸਿੰਘ ਜੀ ਬੇਦੀ, ਸੰਤ ਅਤਰ ਸਿੰਘ ਜੀ, ਭਾਈ ਸਾਹਿਬ ਭਾਈ ਵੀਰ ਸਿੰਘ ਜੀ ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਰਗੇ ਪ੍ਰਸਿਧ ਨਾਮ ਸਾਡੇ ਸਾਹਮਣੇ ਆ ਜਾਂਦੇ ਹਨ। ਇਨ੍ਹਾਂ ਦੇ ਉਚੇ ਸੁਚੇ ਜੀਵਨ ਤੇ ਘਾਲ ਕਮਾਈ ਦਾ ਅਨਭਵ ਕਰਕੇ ਇਨ੍ਹਾਂ ਦੇ ਬ੍ਰਹਮ ਗਿਆਨ ਨੂੰ ਜੀਵਨ ਮੁਕਤ ਪੱਦਵੀ ਤੇ ਮਨ- ਬਚ-ਕਰਮ ਕਰਕੇ, ਸਚੇ ਆਚਾਰ ਅਗੇ ਮੱਸਤਕ ਝੁਕਦਾ ਹੈ। ਇਨ੍ਹਾਂ ਮਹਾਂਪੁਰਸ਼ਾਂ ਨੇ ਕਥਨੀ ਕਰਣੀ, ਰਹਿਣੀ, ਬਹਿਣੀ ਤੇ ਲੇਖਣੀ ਦੁਆਰਾ ਜੋ ਗੁਰਮਤਿ ਦਾ ਪਰਚਾਰ ਕੀਤਾ ਹੈ ਉਸ ਦੀ ਜਿਤਨੀ ਵੀ ਤਾਰੀਫ਼ ਕੀਤੀ ਜਾਏ ਥੋੜ੍ਹੀ ਹੈ।

ਇਸ ਲੇਖ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਬਾਰੇ ਸ਼ਰਧਾ ਭਰਪੂਰ ਜੋ ਕੁਝ ਲਿਖਣ ਦਾ ਯਤਨ ਕੀਤਾ ਗਿਆ ਹੈ ਉਸ ਲਈ ਖਾਲਸਾ ਕਾਲਜ ਦੇ ਪ੍ਰੋਫ਼ੈਸਰ ਭਾਈ ਸਾਹਿਬ ਭਾਈ ਠਾਕਰ ਸਿੰਘ ਜੀ ਨੇ ਦਾਸ ਨੂੰ ਪਰੇਰਿਆ ਹੈ। ਉਨ੍ਹਾਂ ਇਕ ਪਤ੍ਰਕਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਲਿਖੀ ਹੋਈ ਪੜ੍ਹਾਈ ਜੋ ਕਿ ਭਾਈ ਸਾਹਿਬ ਜੀ ਨੇ ੧੯੪੫ ਵਿਚ ਉਹਨਾਂ ਨੂੰ ਕੁਮਾਰ ਹੱਟੀ ਤੋਂ ਲਿਖੀ ਸੀ। ਚਿਠੀ ਮੈਂ ਕਈ ਵਾਰ ਪੜ੍ਹੀ ਤੇ ਫਿਰ ਜੋ ਮਨ ਤੇ ਪਰਭਾਵ ਬਣੇ ਉਹਨਾਂ ਦੇ ਅਸਰ ਹੇਠ ਇਹ ਕੁਝ ਸ਼ਬਦ ਲਿਖਣ ਦਾ ਯਤਨ ਕੀਤਾ ਹੈ। ਭਾਈ ਸਾਹਿਬ ਜੀ ਬਾਰੇ ਤੇ ਉਹਨਾਂ ਦੀ ਚਿਠੀ ਬਾਰੇ ਕੁਝ ਲਿਖਣ ਤੋਂ ਪਹਿਲਾਂ ਇਹ ਯੋਗ ਭਾਸਦਾ ਹੈ ਕਿ ਪਹਿਲਾਂ ਭਾਈ ਸਾਹਿਬ ਦੀ ਲੇਖਣੀ ਤੇ ਗੁਰਮਤਿ ਸਾਹਿਤ ਨੂੰ ਦੇਣ ਬਾਰੇ ਕੁਝ ਲਿਖਿਆ ਜਾਏ। ਭਾਈ ਸਾਹਿਬ ਜੋ ਆਮ ਲੇਖਕਾਂ ਨਾਲੋਂ ਕਈ ਲਿਹਾਜ਼ ਨਾਲ ਭਿੰਨ ਸਨ ਆਪ ਨੇ ਜੋ ਕੁਝ ਲਿਖਿਆ ਹੈ ਉਹ ਨਿਰਾ ਇਧਰੋਂ ਉਧਰੋਂ ਪੜ੍ਹ ਕੇ ਨਹੀਂ ਲਿਖਿਆ ਸਗੋਂ ਨਿਜੀ ਤਜਰਬੇ ਤੇ ਗੁਰਬਾਣੀ ਦੀ ਘਸਵਟੀ ਤੇ ਪੂਰਾ ਉਤਾਰ ਕੇ ਲਿਖਿਆ ਹੈ। ਆਪ ਦੇ ਸਮ-ਕਾਲੀ ਕੁਝ ਕੁ ਹੋਰ ਪ੍ਰਸਿਧ ਲਿਖਾਰੀਆਂ ਨੇ ਵੀ ਗੁਰਮਤਿ ਦੀ ਵਿਆਖਿਆ ਕੀਤੀ ਹੈ। ਜਿਵੇਂ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ; ਭਾਈ ਸਾਹਿਬ ਸ਼ੇਰ ਸਿੰਘ ਜੀ ਤੇ ਪ੍ਰੋ: ਸਾਹਿਬ ਸਿੰਘ ਜੀ ਆਦਿ। ਪਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਲਿਖਤ ਦੀ ਨਵੇਕਲੀ ਥਾਂ ਹੈ, ਭਾਵੇਂ ਦੂਜੇ ਲਿਖਾਰੀਆਂ ਦੀ ਵੀ ਆਪਣੀ ਆਪਣੀ ਥਾਂ, ਆਪਣੀ ਆਪਣੀ ਸ਼ੈਲੀ ਤੇ ਸ਼ਬਦਾਵਲੀ ਹੈ ਪਰ ਭਾਈ ਸਾਹਿਬ ਜੀ ਦੀ ਸ਼ਬਦਾਵਲੀ ਤੇ ਲਿਖਣ ਦਾ ਢੰਗ ਤਾਂ ਅਸਲੋਂ ਹੀ ਵਖਰਾ ਹੈ। ਸ਼ਬਦਾ-ਵਲੀ ਖਾਸ ਕਰਕੇ ਗੁਰਮਤਿ ਦੀ ਵਿਆਖਿਆ ਦੀ ਤਾਂ ਗੁਰਬਾਣੀ ਦੇ ਭੰਡਾਰ ਵਿਚੋਂ ਐਸੇ ਵੇਗ ਤੇ ਢੁਕਵੇਂ ਢੰਗ ਨਾਲ ਵਰਤੀ ਹੈ ਜਿਵੇਂ ਕਿ ਗੁਰ-ਬਾਣੀ ਵਿਚ ਭਰਪੂਰ ਸ਼ਬਦ ਭੰਡਾਰ ਦਾ ਅਥਾਹ ਹੜ੍ਹ ਆ ਰਿਹਾ ਹੋਵੇ। ਪਰ ਖੂਬਸੂਰਤੀ ਇਹ ਹੈ ਕਿ ਸ਼ਬਦ ਤੇ ਜਜ਼ਬੇ ਦਾ ਸੁਮੇਲ ਹੈ। ਲੋੜ ਕੇਵਲ ਆਪ ਦੀ ਸ਼ੈਲੀ ਨਾਲ ਚੰਗੀ ਤਰਾਂ ਸਾਂਝ ਪਾਣ ਦੀ ਹੈ। ਜੋ ਪਾਠਕ ਇਕ ਵੇਰੀ ਆਪ ਦੇ ਢੰਗ ਤੇ ਸ਼ਬਦਾਵਲੀ ਨਾਲ ਭਲੀ ਭਾਂਤ ਪ੍ਰੀਚਤ ਹੋ ਜਾਏ ਉਸ ਨੂੰ ਫਿਰ ਕੇਵਲ ਆਪ ਦੀਆਂ ਲਿਖਤਾਂ



www.AKJ.Org

ਸਮਝਣ ਵਿਚ ਹੀ ਆਸਾਨੀ ਨਹੀਂ ਹੁੰਦੀ ਸਗੋਂ ਇਕ ਮਹਾਂ-ਅਨੰਦ ਹੁਲਾਸ ਅਤੇ ਵਿਗਾਸ ਆਂਦਾ ਹੈ।

ਇਸ ਦਿਸਦੇ ਸੰਸਾਰ ਵਿਚ ਵਿਚਰਦੇ ਹੋਏ ਵੀ ਭਾਈ ਸਾਹਿਬ ਨੇ "ਅਣਡਿਠੀ ਦੁਨੀਆਂ" ਦੇ ਨਜ਼ਾਰੇ ਮਾਣ ਕੇ ਜਿਸ ਅਨੂਪਮ ਢੰਗ ਨਾਲ ਪੇਸ਼ ਕੀਤੇ ਹਨ ਉਹ ਪੜ੍ਹਣ ਯੋਗ ਹਨ। ਇੰਜ ਹੀ "ਚਰਨ ਕਮਲ ਦੀ ਮਉਜ" ਮਾਣ ਕੇ ਪਾਠਕਾਂ ਨੂੰ ਇਸ ਮਉਜ ਦੇ ਅਨੰਦ ਦੇ ਕੁਝ ਝਲਕਾਰੇ ਦਰਸਾਏ ਹਨ। ਗੁਰਮਤਿ ਦੇ ਵਖ ਵਖ ਪਖਾਂ ਤੇ ਆਪ ਦੀ ਵਿਆਖਿਆ ਇਤਨੀ ਜ਼ਿਆਦਾ ਹੈ ਕਿ ਉਸ ਵਿਚੋਂ "ਗੁਰਮਤਿ ਰਮਜ਼ਾ" "ਗੁਰਮਤਿ ਵਿਚਾਰ" ਤੇ "ਗੁਰਮਤਿ ਬਿਬੇਕ" ਦੀ ਸਹਿਜੇ ਹੀ ਸਮਝ ਪੈ ਜਾਂਦੀ ਹੈ। "ਗੁਰਮਤਿ ਲੇਖ" ਲਿਖ ਕੇ ਆਪ ਨੇ ਗੁਰਬਾਣੀ ਦੇ ਵਖ ਵਖ ਲੋੜੀਂਦੇ ਪਖਾਂ ਤੇ "ਗੁਰਮਤਿ ਪ੍ਰਕਾਸ਼" ਪਾਇਆ ਹੈ। "ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ?" ਇਸ ਪ੍ਰਸ਼ਨ ਦਾ ਬਾਦਲੀਲ ਉਤਰ ਦੇ ਕੇ ਇਹ ਸਿਧ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ ਪ੍ਰਸਤੀ ਨਹੀਂ ਸਗੋਂ ਗੁਰੂ ਗ੍ਰੰਥ ਸਾਹਿਬ "ਨਾਮ-ਦਾਤਾ ਸਤਿਗੁਰੂ" ਹਨ। ਆਪ ਨੇ ਨਾਮ ਦੀ ਪ੍ਰਾਪਤੀ ਕਰਨ "ਗੁਰਮਤਿ ਨਾਮ ਅਭਿਆਸ ਕਮਾਈ" ਦੁਆਰਾ "ਅਨਹਦ ਸ਼ਬਦ ਦਸਮ ਦੁਆਰ" ਦੀ ਉਚੀ ਮੰਜ਼ਲ ਤਕ ਅਪੜ ਕੇ ਜੀਵਤ ਹੀ "ਸਚਖੰਡ ਦਰਸ਼ਨ" ਪੇਖ ਕੇ "ਗੁਰਮਤਿ ਗੌਰ-ਵਤਾ" ਨੂੰ ਸਿਧ ਕੀਤਾ। ਭਾਈ ਸਾਹਿਬ ਨੇ ਕੁਝ ਕੁ ਲਿਖਤਾਂ ਰਾਹੀਂ ਸਪਸ਼ਟ ਕੀਤਾ ਹੈ ਕਿ "ਅੰਮ੍ਰਿਤ ਕੀ ਹੈ" ਇੰਜ "ਅੰਮ੍ਰਿਤ ਕਲਾ" ਤੇ "ਗੁਰਮਤਿ ~~[illegible]~~ ਕਰਮ ਫ਼ਿਲਾਸਫ਼ੀ" ਦੁਆਰਾ ਰਹਿਤ ਮਰਯਾਦਾ ਉਤੇ ਚਾਨਣਾ ਪਾਇਆ ਹੈ। ਆਪ ਕਈਆਂ ਦੀ ਨਜ਼ਰ ਵਿਚ "ਰੰਗਲੇ ਸਜਣ" ਸਨ ਤੇ ਕਈ ਆਪ ਦੀਆਂ ਨਜ਼ਰਾਂ ਵਿਚ ਰੰਗਲੇ ਸਜਨ ਜਿਨ੍ਹਾਂ ਨੂੰ ਕਿ ਲਾਲ ਰੰਗ ਲਗ ਚੁਕਾ ਸੀ। ਇਹੋ ਜਹੇ ਕਈ ਗੁਰਮੁਖ ਮਹਾਂ ਪੁਰਸ਼ਾਂ ਨਾਲ ਜਾਣ ਪਛਾਣ ਕਰਾ ਕੇ ਕਵਿਤਾ ਵਿਚ "ਦਰਸ਼ਨ ਝਲਕਾਂ" ਵੀ ਦਿਤੀਆਂ ਤੇ ਕਵਿਤਾ ਦੁਆਰਾ ਹੀ 'ਜੋਤ ਵਿਗਾਸ' ਦਾ ਸਿਖਰ ਮਹਾਂ ਕਾਵਿ ਲਿਖ ਕੇ ਦਰਸਾਇਆ।

ਜੇਲ੍ਹ ਵਿਚ ਉਮਰ ਕੈਦ ਕਟ ਕੇ ਉਮਰ ਕੈਦੀ ਵੀ ਅਖਵਾਏ ਤੇ 'ਉਮਰ ਕੈਦੀ ਦਾ ਸੁਪਨਾ' ਭੀ ਲਿਖਿਆ। ਅਤੇ ਜੇਲ੍ਹ ਵਿਚੋਂ ਜੋ 'ਜੇਲ੍ਹ ਚਿਠੀਆਂ' ਲਿਖੀਆਂ ਉਹਨਾਂ ਦੇ ਜ਼ਰੀਏ ਗੁਰਮਤਿ ਦੇ ਕਈ ਪਹਿਲੂਆਂ ਤੇ ਚਾਨਣ ਪਾਇਆ ਤੇ ਜੇਲ੍ਹ ਵਿਚ ਬੀਤੇ ਹਾਲਾਤ ਤੇ ਦੇਖੇ ਪੇਖੇ ਤਜਰ-ਬਿਆਂ ਨੂੰ ਇਹਨਾਂ ਚਿਠੀਆਂ ਵਿਚ ਅੰਕਿਤ ਕਰ ਕੇ ਧਰਮ, ਇਤਿਹਾਸ ਤੇ ਸਾਹਿਤ ਦੇ ਸੁੰਦਰ ਨਮੂਨੇ ਪੇਸ਼ ਕੀਤੇ ਹਨ।

ਭਾਈ ਸਾਹਿਬ ਦੀਆਂ ਕੁਲ ਪੁਸਤਕਾਂ ਦੋ ਦਰਜਨ ਤੋਂ ਵਧ ਹਨ ਤੇ ਲਗ ਭਗ ਇਤਨੇ ਹੀ ਟਰੈਕਟ। ਜੇਲ੍ਹ ਚਿਠੀਆਂ ਜੋ ਕਿ ਦੋ ਭਾਗਾਂ ਵਿਚ ਹਨ ਸਭ ਤੋਂ ਵਡੇ ਅਕਾਰ ਦੀ ਪੁਸਤਕ ਹੈ ਜੋ ਕਿ ਸ਼ਾਇਦ ਆਪ ਦੀਆਂ ਸਭ ਪੁਸਤਕਾਂ ਤੋਂ ਵਧ ਛਪੀ ਹੈ ਜਿਸ ਦੀ ਹੁਣ ਚੌਥੀ ਐਡੀਸ਼ਨ ਛਪ ਚੁਕੀ ਹੈ।

ਜੇਲ੍ਹ ਚਿਠੀਆਂ ਤੋਂ ਇਲਾਵਾ ਭਾਈ ਸਾਹਿਬ ਦੀਆਂ ਹੋਰ ਭੀ ਅਨੇਕਾਂ ਚਿਠੀਆਂ ਹਨ ਜੋ ਕਿ ਆਪ ਨੇ ਕਈ ਹੋਰ 'ਰੰਗਲੇ ਸਜਣਾਂ' ਨੂੰ



www.AKJ.Org

ਲਿਖੀਆਂ ਹਨ ਜਿਹਨਾਂ ਵਿਚੋਂ ਇਕ ਚਿਠੀ ਹੇਠਾਂ ਦਿਤੀ ਜਾਂਦੀ ਹੈ ਜਿਸ ਦਾ ਕਿ ਹਵਾਲਾ ਉਪਰ ਦਿਤਾ ਹੈ। ਇਹ ਜਹੀਆਂ ਪਿਆਰ ਵਿਚ ਲਿਖੀਆਂ ਰਮਜ਼ ਭਰੀਆਂ ਚਿਠੀਆਂ ਨੂੰ ਸਾਂਭਣ ਦੀ ਲੋੜ ਹੈ। ਜਿਸ ਚਿਠੀ ਨੂੰ ਨਮੂਨੇ ਵਜੋਂ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰਨ ਦੀ ਇਛਾ ਹੈ ਉਹ ਹੂਬਹੂ ਇੰਜ ਹੈ :—

ੴ

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ,
ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਕੁਮਾਰ ਹੱਟੀ
੧੧. ੫. ੪੫

ਮੇਰੇ ਪਰਮ ਪਿਆਰੇ ਜੋਗੀ ਰਾਜ ਦਿਲਰਾਜ਼, ਜੀਅ-ਮਨ-ਤਨ-ਪ੍ਰਾਨ ਬਿਰਾਜੇ ਰਾਜ ਜੋਗ ਅਧਿਰਾਜੇ, ਸ੍ਰੀਯੁਤ ਪਿਆਰੇ ਠਾਕਰ ਸਿੰਘ ਜੀਓ!

ਆਪ ਜੀ ਨੂੰ ਯਾਦ ਕਰਦੇ ਹੋਏ, ਆਪ ਦੀ ਯਾਦ ਸੇਤੀ ਦਿਲ ਸ਼ਾਦ ਕਰਦੇ ਹੋਏ ਅਸੀਂ ਕੁਸ਼ਲ ਅਨੰਦ ਸਹਿਤ, ਕੁਮਾਰ ਹੱਟੀ ਆਣ ਪੁਜੇ ਹਾਂ। ਆਉਣ ਸਾਰ ਹੀ ਤਣਾਵਾਂ ਗਡੀਆਂ ਗਈਆਂ। ਰੁਤ ਜੋਬਨੀ ਹੁਸਨ ਬਹਾਰ, ਏਥੇ ਅਗੇ ਨਾਲੋਂ ਕਈ ਗੁਣਾਂ ਅਧਿਕ ਸੁਹਾਵਨੀ ਖਿੜੀ ਹੋਈ ਹੈ। ਮਿਠੀ ਮਿਠੀ ਗੁਲਾਬੀ ਠੰਢ ਵੀ ਪਿਛਲੇ ਸਾਲਾਂ ਨਾਲੋਂ ਵਧੀਕ ਠੰਡੇਰੀ ਹੈ। ਆਣ ਮਲਗਾਰ ਹਟੀਆਂ ਮਲੀਆਂ ਹਨ। ਆਉਣ ਸਾਰ ਹੀ ਅਰਸ਼ ਪ੍ਰਵਾਜ਼ੀ, ਗੀਧੀਆਂ ਤੇ ਗਿਝੀਆਂ ਹੋਈਆਂ, ਆਤਮ ਬਿਰਤੀਆਂ, ਸਹਿਜ ਹੁਲਾ-ਰਿਆਂ ਦੀਆਂ ਪੀਂਘਾਂ ਝੂਟਣ ਲਗ ਪਈਆਂ। ਬਿਨ ਛੇੜੇ ਹੀ, ਲਿਵ ਲੋਰ ਤਰੰਗਾਂ ਛਿੜ ਪਈਆਂ ਤੇ ਅਜ ਤਾਈਂ ਛਿੜੀਆਂ ਹੀ ਰਹੀਆਂ ਹਨ। ਹੁਣ ਦਹਿਦੂਣੇ ਰੰਗਾਂ ਨੂੰ ਉਮਾਹ ਰਹੀਆਂ ਹਨ। ਲਹਿਰਾਂ ਲਹਿਰਾਅ ਰਹੀਆਂ ਹਨ। ਲਹਿਰ ਬਹਿਰਾਂ ਹੋਇ ਰਹੀਆਂ ਹਨ। ਅਮੀ ਰੈਨਾਇਰ ਛਲਕਾਂ ਮਾਰ ਰਿਹਾ ਹੈ। ਰਸ ਜੋਤ ਡਲਕਾਂ ਡਲਕ ਰਹੀਆਂ ਹਨ। ਅਭਿਆਸ ਬਿਲੋਵਨੇ, ਈਟੀ ਨੇਤਰੇ-ਬਿਹੂਣ ਹੀ, ਆਪ-ਮੁਹਾਰੇ ਬਿਲੋਏ ਜਾ ਰਹੇ ਹਨ। ਜਿਉਂ ਜਿਉਂ ਸਹਿਜ ਹੁਲਾਰੇ ਆਉਂਦੇ ਹਨ ਤਿਉਂ ਤਿਉਂ ਨਾਮ ਤਾਰ-ਪਰੋਤੇ ਪਿਆਰੇ ਦੇ ਯਾਦ ਮਲਗਾਰੇ, ਮਹਿਕ ਰਹੇ ਹਨ। ਸੋ ਭੀ ਅਤਿ ਸੁਖਦਾਇਕ ਅਨੰਦਦਾਈ ਹਨ। ਲੋਰ ਹਿਲੋਰਿਆਂ ਨੂੰ ਬੀਜਨ ਤੋਰਿਆਂ ਵਿਚ ਤੋਰਨ ਲਈ ਮਿਕਨਾਤੀਸੀ ਰਸਾਇਣ ਕਲਾ ਉਪਜਾ ਰਹੇ ਹਨ। ਮਾਨੋ ਆਤਮ ਉਡਾਰੀਆਂ ਨੂੰ ਨਵ ਜੋਬਨੇ ਰੰਗ ਲਾ ਰਹੇ ਹਨ। ਚਲੂਲੇ ਰੰਗਾਂ ਅੰਦਰ ਅਮਿਉ ਰਸਾਇਣੀ ਜਨਾਂ ਦੀ ਯਾਦਗਾਰ, ਬਿਰਤੀਆਂ ਦੇ ਚੜ੍ਹਾਉ ਵਿਚ ਅਟਕਾਰ ਨਹੀਂ, ਸਗੋਂ ਮਦਦਗਾਰ ਹੋ ਕੇ ਆਣ ਨਿਸਰੀ ਹੈ। ਕਰਤਾਰ ਹੀ ਕਰਤਾਰ ਦੀ ਗੁੰਜਾਰ ਗੂੰਜ ਰਹੀ ਹੈ। ਸਚ ਮੁਚ ਸਿਰੀ 'ਮਾਣਕ ਜੀ' ਦੇ ਅਖਾਣ ਅਨੁਸਾਰ, ਇਹ ਕੁਮਾਰ ਹੱਟੀ ਨਹੀਂ 'ਕਰਤਾਰ ਹਟੀ' ਹੁਇ ਜਗਮਗਾ ਰਹੀ ਹੈ। ਰੈਣ ਤਾਂ ਸੁਖਚੈਨੀ ਰੈਣ ਹੈ ਹੀ। ਐਤਕੀ ਦਿਨੀਅਰ ਭੀ; ਦਿਵਸ ਨੂੰ ਠਰੂਰ ਸੀਤਲਤਾ ਸੇਤੀ ਚੰਦਨਾ ਰਿਹਾ ਹੈ। ਐਤਕੀਂ ਮਾਖੀ 'ਰਾਮ ਕੀ ਮਾਖੀ' ਭੀ ਬਿਆਨਕਾਰੀ ਨਹੀਂ ਹੋਣੀ ਪਾਉਂਦੀ। ਆਪ ਦੀ ਸੀਤਲ, ਪਿਆਰਾਂ ਸਹਿਤ ਅਰਪੀ ਮਛਹਿਰੀ ਨੂੰ ਤਾਣ ਕੇ ਦਿਨ ਭਰ ਭਜਨ ਗੁਫਾ ਬਣਾ ਲਈਦਾ ਹੈ। ਅੰਦਰ ਬੈਠੇ, ਗੁੰਹਜ ਤਾੜੀਆਂ ਲਾ ਕੇ ਅਮਰ



www.AKJ.Org

ਆਨੰਦੀ ਮਾਨਣੇ, ਮਾਣੀਦੇ ਹਨ । ਅਗੇ ਮਖੀਆਂ ਸਤਾਉਂਦੀਆਂ ਹੁੰਦੀਆਂ ਸਨ । ਹੁਣ ਤਾਂ ਮਛਿ-ਹਰੀ ਨੇ ਮਖਹਿਰੀ ਦਾ ਅੱਤ ਭਲੇਰਾ ਕੰਮ ਦਿਤਾ ਹੈ। ਬੈਰਾਗਣ ਦੀ ਟੇਕ ਅਗੇ ਰਖਕੇ ਚਾਹੇ ਦਿਨ ਭਰ ਅੰਦਰ ਬੈਠੇ ਆਸਣ ਜਮਾਈ ਰਖੋ; ਕੋਈ ਭੀ ਚੁਕਤਾਈ; ਉਕਤਾਈ ਨਹੀਂ ਬਿਆਪਦੀ । ਰੈਣ ਸਮੇਂ ਤਾਂ ਮਛਹਿਰੀ ਦੀ ਲੋੜ ਹੀ ਨਹੀਂ ਪੈਂਦੀ; ਮੀਆਂ ਮਛਰਦੀਨ ਦਾ ਕਿਤੇ ਮੁਸ਼ਕ ਭੀ ਨੇੜੇ ਨਹੀਂ । ਬਰਸਾਤਾਂ ਹੋਈਆਂ ਤੇ ਕਿਧਰੋਂ ਭਿਣਕ ਹੋਇਆ; ਤਾਂ ਮਖਿਹਿਰੀਉਂ ਮਛਹਿਰੀ ਦਾ ਵਰਤਾਉ ਰੈਣ ਸਮੇਂ ਭੀ ਕੀਤਾ ਜਾਵੇਗਾ।

ਆਪ ਦੀਆਂ ਪਿਆਰ ਕੁਰਬਾਨੀਆਂ ਇਕ ਦੂੰ ਇਕ ਚੜ੍ਹਦੀਆਂ ਹਨ । ਮੈਨੂੰ ਅਜ ਹੀ ਐਥੇ ਆਇਆਂ ਨੂੰ ਪਹਿਲੀ ਵਾਰ ਵੀਰ ਗਜਿੰਦਰ ਸਿੰਘ ਨੇ, ਆਪ ਦੀ ਪਰੇਮ ਸੁਗਾਤ, ਚਿਤਕਬਰੀਏ ਸੁਰਮਈ ਪਜਾਮੇ ਨੂੰ, ਮੇਰੀਆਂ ਅੱਖੀਆਂ ਅਗੇ ਕੀਤਾ ਅਤੇ ਸਤਿਕਾਰਾਂ ਭਰੇ ਖਿਆਲ, ਖ਼ਿਆਲਕੇ ਦੋਹਾਂ ਹੱਥਾਂ ਤੇ ਉਸਾਰ ਕੇ, ਮੈਨੂੰ ਦਿਖਲਾਇਆ । ਦਿਖਾਉਣਹਾਰਾ ਭੀ ਕ੍ਰਿਤ ਕ੍ਰਿਤ ਹੋਇਆ (ਧੰਨ-ਪਿਆਰ, ਧੰਨ ਪਿਆਰ, ਮੁਖੋਂ ਅਲਾਵੇ) ਅਤੇ ਦੇਖਣਹਾਰੇ, ਪਿਆਰ ਮਜਨੂੰ ਦੀ ਤਾਂ ਗਹਿਣ ਗਤਿ ਨਹੀਂ ਕਹੀ ਜਾਂਦੀ । ਜੋਗੀਆਂ ਦੇ ਗਲੇ ਦਾ ਸ਼ਿੰਗਾਰ ਜਾਮਾ ਬਣਨਹਾਰਾ, ਸੁੰਦਰ ਪਾਰਚਾ, ਮੂੰ ਬਿਰਧੋਗੀ, ਦੇ ਲੱਕ ਲਤੀ ਪਾਉਣਹਾਰਾ ਪਜਾਮਾ ਬਣ ਗਿਆ । ਪਿਆਰ ਦੇ ਚੋਜ ਨਿਆਰੇ ਹਨ, ਅੱਤ ਅਨੂਠੇ ਹਨ । ਇਸ ਨੂੰ ਪਾਉਣ ਸਜਾ-ਉਣ ਨੂੰ ਜੀਓ ਨਹੀਂ ਕਰਦਾ, ਦੇਖੀ ਜਾਣ ਨੂੰ ਹੀਅਰਾ ਹੁਲਸਾਇ ਰਹਿਆ ਹੈ । ਮੇਰੇ ਨੇਤਰਾਂ ਦੇ ਅੰਦਰ, ਅਜਬ ਨੁਮਾਇਸ਼ਗਾਹ ਬਣ ਗਈ । ਪ੍ਰੇਮ ਸੁਗਾਤੀ ਜਾਮਿਆਂ ਪਜਾਮਿਆਂ ਦੇ, ਢੇਰਾਂ ਦੇ ਢੇਰ ਲਗ ਗਏ । ਪਰ ਬੈਰਾਗੀ ਜੋਗੀ ਇਕੋ ਇਕ ਹੈ। ਹੁਣ ਹੁੱਬਾਂ ਉਠਦੀਆਂ ਹਨ ਕਿ ਕਦੇ ਆਪ ਇਤਵਲ ਪਿਆਰ ਭਰੀਆਂ ਜੋਗੀ, ਫੇਰੀਆਂ ਪਾਓ ਅਤੇ ਸਨਮੁਖ ਬੈਠ ਕੇ ਲਟਕ ਰੀਝਾਂ ਰੀਝਾਓ । ਇਹ ਹਸਰਤ ਭਰਿਆ ਖਿਆਲ ਨਹੀਂ, ਪ੍ਰੇਮ ਮਸਰੱਤ ਭਰਿਆ, ਹੁੱਬ ਉਛਾਲਾ ਹੈ । ਦੂਰ ਦਰ-ਸੀਆਂ ਨੂੰ ਦੂਰੀਆਂ ਕਿਥੇ ? ਹਿਜਰ ਮਹਿਜੂਰੀਆਂ ਕਿਥੇ ? ਸਦਾ ਦਰਸ ਨਿਕਟੂਰੀਆਂ ਦੇ ਛਾਂਦੇ ਭੁੰਚਣਹਾਰਿਆਂ ਨੂੰ, ਵਸਲ ਮਖਮੂਰੀਆਂ ਦੇ ਨਸ਼ੇ ਚੜ੍ਹੇ ਰਹਿੰਦੇ ਹਨ । ਚਾਇ ਚਈਲੇ, ਨੂਰ ਠਰੂ-ਰੀਆਂ ਨੂੰ, ਭਨਾਨ ਭਾਨ ਜ਼ਹੂਰੀਆਂ ਦੀਆਂ, ਰੰਗ ਤੇਜ਼ ਭਰਪੂਰੀਆਂ ਦੇ, ਮਜਨ ਹੁੰਦਿਆਂ, ਪਿਆਰ ਰੰਗੂਰੇ ਸਜਨਾਂ ਦੀਆਂ; ਯਾਦ ਡੁਬਕੀਆਂ ਦੇ ਚੁਪ ਚੁਪੋਲੇ, ਗਟਾਕ ਰਸਕ ਰਸਾਏ ਰਹਿੰਦੇ ਹਨ ।

ਪਿਆਰੇ ਜੋਗੀ ਜੀਓ, ਇਕ ਦਿਨ ਆਵੇਗਾ ਅਤੇ ਜ਼ਰੂਰ ਆਵੇਗਾ ਕਿ ਆਪ ਭੀ ਪਰਮਾਤਮ ਮਹੀਤ ਸਮੁੰਦਰ ਅੰਦਰਿ, ਆਤਮ ਤਾਰੀਆਂ ਤੇ ਚੁਭ ਚੁਭਾਰੀਆਂ ਲਾਇਆ ਕਰੋਗੇ

"ਸਚਾ ਗੁਣੀ ਨਿਧਾਨ ਤੂੰ ਪ੍ਰਭ ਗਹਿਰ ਗੰਭੀਰੇ।
ਆਸ ਭਰੋਸਾ ਖਸਮ ਕਾ ਨਾਨਕ ਕੇ ਜੀਅਰੇ ।"

ਸਤਿਗੁਰੂ ਆਪ ਨੂੰ ਸਦਾ ਸਰਸ਼ਾਰ, ਵੈਰਾਗ ਰੰਗਾਂ ਦੇ ਵਖਾਉ ਵਿਚ ਵਧਾਈ ਰੱਖਣ। ਏਹੀ ਜਿਗਰ ਅਸੀਸਾਂ, ਇਸ ਬਿਰਹੋ ਰੀਝਾਣੇ ਦੀਆਂ ਹਨ । ਆਸ ਹੈ ਕਿ ਆਸ ਬੰਧਾਉ, ਦਰਸ ਧਰ-ਵਾਸ ਬੰਧਾਊ, ਪਾਤੀ, ਭੇਜ ਕੇ ਪਰਫੁਲਤ ਕਰੋਗੇ । ਸਿਰੀ ਬਾਬੂ ਜੀ ਵਲੋਂ ਕੋਈ ਵਾਈ



www.AKJ.Org

ਧਾਈ ? ਕਸ਼ਮੀਰ ਦੇ 'ਦੂਲੋ' ਖਿਚਾਂ ਪ੍ਰਬਲ ਪਾ ਰਹੇ ਹਨ । ਪਰ ਏਧਰਲੀ ਭੀ ਡੋਰੀ ਪ੍ਰਬਲ ਹੋ ਕੇ ਲਗੀ ਹੋਈ ਹੈ ।

ਆਪ ਦੀ ਕੁਸਲ ਖੇਮ ਦਾ ਸਮਾਚਾਰ ਭੇਜਦੇ ਰਹੋ ਜੀ । ਕੋਈ ਸ੍ਰੀ ਬਾਬੂ ਜੀ ਦੀ ਸੁੰਧਕ ਲਗੇ ਤਾਂ ਲਿਖਣੀ ।

ਆਪ ਦਾ ਪਿਆਰਨੁਛਾਰਾ
ਰਣਧੀਰ ਸਿੰਘ

ਚਿਠੀ ਤੋਂ ਪਰਗਟ ਹੈ ਕਿ ਭਾਈ ਸਾਹਿਬ ਨੇ ਇਹ ਬਹੁਤ ਹੀ ਨਿਕਟਵਰਤੀ ਗੁਰਮੁਖ ਪਿਆਰੇ ਨੂੰ ਲਿਖੀ ਹੈ । ਇਸ ਦੁਆਰਾ ਜਿਥੇ ਇਕ ਦੂਜੇ ਨਾਲ ਸਿਖੀ ਪਿਆਰ ਦੀ ਸਾਂਝ ਦੀ ਗਲ ਹੈ ਤੇ ਇਕ ਦੂਜੇ ਪ੍ਰਤੀ ਪਿਆਰ ਸਤਿਕਾਰ ਦਾ ਜਜ਼ਬਾ ਡੁਲ ਡੁਲ ਪੈਂਦਾ ਹੈ ਉਥੇ ਇਸ ਪਤ੍ਰਕਾ ਤੋਂ ਹੋਰ ਭੀ ਕਈ ਗਲਾਂ ਦਿਸ ਆਂਦੀਆਂ ਹਨ । ਸਭ ਤੋਂ ਵਡੀ ਸ਼ੈ ਹੈ "ਗੁਰਮਤਿ, ਨਾਮ, ਅਭਿਆਸ ਕਮਾਈ" । ਭਾਈ ਸਾਹਿਬ ਨਾਮ ਅਭਿਆਸ ਦੀ ਕਮਾਈ ਵਿਚ ਦਿਨ ਰਾਤ ਕਿਵੇਂ ਜੁਟ ਜਾਂਦੇ ਸਨ ਤੇ ਉਸ ਵਿਚੋਂ ਕਿਵੇਂ ਸਦੀਵੀ ਖੇੜਾ ਤੇ ਖੁਸ਼ੀ ਹਾਸਲ ਕਰਦੇ ਸਨ ? ਇਹ ਇਸ ਚਿਠੀ ਵਿਚੋਂ ਸਪਸ਼ਟ ਹੈ । ਨਾਮ ਵਿਚ ਲੀਨ ਹੋਣ ਵਿਚ, ਇਕ ਛਿਨ ਪਲ, ਢਿਲ ਨਹੀਂ ਪਈ-"ਆਉਣ ਸ ਰ ਹੀ ਤਣਾਵਾਂ ਗਡੀਆਂ ਗਈਆਂ ।"

ਰਬ ਦੇ ਪਿਆਰੇ ਕੁਦਰਤ ਨਾਲ ਵੀ ਪਿਆਰ ਕਰਦੇ ਹਨ । ਕੁਦਰਤ ਦੇ ਖੇੜੇ ਵਿਚੋਂ ਮਨ ਦੀ ਮਉਜ ਮਿਲਦੀ ਹੈ । ਇਹ ਤੱਥ ਤੇ ਸੱਚਾਈ ਭਾਈ ਸਾਹਿਬ ਦੀ ਇਸ ਚਿਠੀ ਦੇ ਸ਼ੁਰੂ ਦੀਆਂ ਸਤਰਾਂ ਵਿਚ ਚਿਤਰੇ ਪ੍ਰਕਿਰਤਕ ਨਜ਼ਾਰਿਆਂ ਵਿਚੋਂ ਡਲਕ ਰਹੀ ਹੈ । "ਰੁਤ ਜੋਬਨੀ ਹੁਸਨ ਬਹਾਰ, ਏਥੇ ਅਗੇ ਨਾਲੋਂ, ਕਈ ਗੁਣਾ, ਅਧਿਕ ਸੁਹਾਵਣੀ ਖਿੜੀ ਹੋਈ ਹੈ । ਮਿਠੀ ਮਿਠੀ ਗੁਲਾਬੀ ਠੰਢ ਵੀ ਪਿਛਲੇ ਸਾਲਾਂ ਨਾਲੋਂ ਵਧੀਕ ਠੰਢੇਰੀ ਹੈ ।"

ਇਕ ਮਿਠੇ ਮਿਠੇ ਠੰਢੇ ਵਾਯੂ ਮੰਡਲ ਵਿਚ ਕੁਦਰਤ ਦੀ ਗੋਦ ਵਿਚ ਬੈਠ ਕੇ, ਭਾਈ ਸਾਹਿਬ ਨੇ ਜੋ ਅਨੰਦ ਮਾਣਿਆ ਹੈ ਉਸ ਦਾ ਚਿਤਰਨ ਵੀ ਪਹਿਲੇ ਪੈਰੇ ਦੇ ਆਦਿ ਤੇ ਮਧ ਵਿਚ ਹੈ । "ਅਉਣ ਸਾਰ ਹੀ ਅਰਸ਼ ਪ੍ਰਵਾਜ਼ੀ, ਗੀਧੀਆਂ ਤੇ ਗਿਝੀਆਂ ਹੋਈਆਂ" ਤੋਂ ਲੈ ਕੇ "ਇਹ ਕੁਮਾਰ ਹੱਟੀ ਨਹੀਂ ਕਰਤਾਰ ਹਟੀ ਹੁਇ ਜਗਮਗਾ ਰਹੀ ਹੈ" ਤਕ ਇਸ ਅਨੰਦ ਨੂੰ ਕਿਸ ਖੂਬਸੂਰਤੀ ਨਾਲ ਬਿਆਨ ਕੀਤਾ ਹੈ । ਇਸ਼ ਵਿਚ ਨਿਜ-ਤਜਰਬੇ ਦੀ ਛੋਹ ਹੈ । ਇਸ ਵਿਚ ਕਲਮ ਦੀ ਕਰਾਮਾਤ ਹੈ । ਇਸ ਵਿਚ ਸ਼ਬਦਾਂ ਦੁਆਰਾ ਉਲੀਕਿਆ ਇਕ ਦਿਲਖਿਚਵਾਂ ਚਿਤਰ ਹੈ । ਇਹ ਚਿਠੀ ਨਿਰੀ ਇਕ ਵਿਅਕਤੀ ਵਲੋਂ ਦੂਜੀ ਵਿਅਕਤੀ ਵਲ ਲਿਖੀ ਕਿਸੇ ਸੀਮਤ ਵਿਸ਼ੇ ਤੇ ਚਾਰ ਅਖਰ ਨਹੀਂ, ਚੂੰਕਿ ਇਸ ਵਿਚ ਵਿਸ਼ਾ ਰਬ ਦਾ ਹੈ, ਗੁਰੂ ਹੈ, ਨਾਮ ਹੈ, ਕੁਦਰਤ ਹੈ, ਖੇੜਾ ਤੇ ਅਨੰਦ ਹੈ ਇਸ ਲਈ ਇਹ ਅਸੀਮਤ ਹੋ ਗਈ ਹੈ । ਇਹ ਦੋ ਵਿਅਕਤੀਆਂ ਵਿਚ ਹੀ ਲਿਖਾ ਪੜ੍ਹੀ ਨਹੀਂ ਇਹ ਇਸ ਤੋਂ ਬਹੁਤ ਕੁਝ ਵਧ ਹੈ । ਇਸ ਵਿਚੋਂ ਭਾਈ ਸਾਹਿਬ ਦੀ ਆਤਮਕ ਅਵਸਥਾ ਦੇ ਕੁਝ ਕੁਝ ਝਲਕਾਰੇ ਪੈਂਦੇ ਹਨ । ਭਾਵੇਂ ਇਕ ਗੁਰਮੁਖ ਪਿਆਰੇ ਦੇ ਪਿਆਰ ਤੇ ਉਸ ਦੇ ਵਿਛੋੜੇ ਦੇ ਦਰਦ ਵਿਚ 'ਹੁਬਾਂ ਪਈਆਂ



www.AKJ.Org

ਉਠਦੀਆਂ ਹਨ' ਪਰ ਨਾਲ ਹੀ "ਅਭਿਆਸ ਬਿਲੋਵਨੇ, ਈਟੀ ਨੇਤਰੇ-ਬਿਹੂਣ ਹੀ, ਆਪ ਮੁਹਾਰੇ ਬਿਲੋਏ ਜਾ ਰਹੇ ਹਨ।"

"ਦਿਲਰਾਜ਼ ਜੀਅ-ਮਨ-ਤਨ-ਪ੍ਰਾਨ ਬਿਰਾਜੇ" ਵਲੋਂ ਭੇਜੇ ਚਿਤਕਬਰੀਏ ਸੁਰਮਈ ਪਜਾਮੇ ਨੂੰ ਦੇਖ ਕੇ ਕੁਝ ਮਨੋਭਾਵ ਆਏ ਉਨ੍ਹਾਂ ਨੂੰ ਕ੍ਰਿਤ ਕ੍ਰਿਤ ਹੋ ਵਰਨਣ ਕਰਦਿਆਂ ਧੰਨ ਪਿਆਰ ਧੰਨ ਪਿਆਰ ਮੁਖੋਂ ਅਲਾਇਆ ਤੇ ਫਿਰ ਜੋ ਅਨੁਭਵ ਵਿਚ ਡਿਠਾ ਤੇ ਜੋ ਦਿਲੋਂ ਮਹਿਸੂਸ ਕੀਤਾ ਉਸ ਨੂੰ ਬੜੇ ਪ੍ਰੇਮ ਤੇ ਦਰਦ ਨਾਲ ਲਿਖਦੇ ਹੋਏ ਕਹਿੰਦੇ ਹਨ ਕਿ ਕਦੇ "ਆਪ ਇਸ ਵਲ ਪਿਆਰ ਭਰੀਆਂ, ਜੋਗੀ ਫੇਰੀਆਂ ਪਾਓ ਅਤੇ ਸਨਮੁਖ ਬੈਠ ਕੇ ਨਾਲ ਰੀਝਾਂ ਰੀਝਾਓ।" ਪਰ ਨਾਲ ਹੀ ਬੜੇ ਪ੍ਰੇਮ ਭਿਜੇ ਸ਼ਬਦਾਂ ਵਿਚ ਇਹ ਭੀ ਕਹਿੰਦੇ ਹਨ ਕਿ "ਇਹ ਹਸਰਤ ਭਰਿਆ ਖਿਆਲ ਨਹੀਂ, ਪ੍ਰੇਮ ਮਸਰੱਤ ਭਰਿਆ ਹੁੱਬ ਉਛਾਲਾ ਹੈ" ਅਤੇ ਨਾਲ ਹੀ ਇਸ ਹੁੱਬ ਹੁਛਾਲੇ ਦੀ ਸਪਸ਼ਟਤਾ ਕਰਦਿਆਂ ਕਹਿੰਦੇ ਹਨ "ਦੂਰ ਦਰਸੀਆਂ ਨੂੰ ਦੂਰੀਆਂ ਕਿਥੇ ? ਹਿਜਰ ਮਹਿਜੂਰੀਆਂ ਕਿਥੇ ?" ਕਿਉਂਕਿ "ਸਦਾ ਦਰਸ਼ ਨਿਕਟੂਰੀਆਂ ਦੇ ਛਾਂਦੇ ਭੁੰਚਣਹਾਰਿਆਂ ਨੂੰ ਵਸਲ ਮਖਮੂਰੀਆਂ ਦੇ ਨਸ਼ੇ ਚੜ੍ਹੇ ਰਹਿੰਦੇ ਹਨ।" ਇਸ ਦੇ ਨਾਲ ਹੀ ਆਪਦੇ ਅਗਲੇ ਸ਼ਬਦ ਤਾਂ ਇੰਜ ਹਨ ਜਿਵੇਂ ਕਿ ਨਦੀ ਮੈਦਾਨ ਵਿਚ ਸਹਿਜੇ ਸਹਿਜੇ ਵਹਿੰਦੀ ਹੋਈ ਸਾਗਰ ਵਿਚ ਜਾ ਮਿਲਦੀ ਹੈ ਜਿਵੇਂ ਨਦੀ ਵਿਚ ਕਦੇ ਕਦੇ ਲਹਿਰਾਂ ਉਠਦੀਆਂ ਤੇ ਉਛਾਲੇ ਆਂਦੇ ਹਨ ਇੰਜ ਹੀ ਇਸ ਲੰਬੇ ਜਿਹੇ ਵਾਕ ਵਿਚ ਜੋ ਨਿੱਕੇ ਨਿੱਕੇ ਟੋਟੇ ਹਨ, ਜੋ ਕਿ ਨਿਕੀਆਂ ਨਿਕੀਆਂ ਲਹਿਰਾਂ ਵਾਂਗ ਹਨ ਤੇ ਵਾਕ ਦਾ ਅੰਤ ਜਿਵੇਂ ਕਿ ਉਛਾਲ ਹੋਵੇ।

ਚਿਠੀ ਦੇ ਅੰਤ ਵਿਚ ਭਾਈ ਸਾਹਿਬ ਦੇ ਪ੍ਰੇਮ ਭਰੇ ਦਿਲ ਵਿਚੋਂ 'ਪਿਆਰੇ ਜੋਗੀ ਜੀ' ਨੂੰ ਅਸੀਸਾਂ ਹਨ ਤੇ ਭਵਿਖ ਬਾਣੀ ਵੀ ਹੈ ਤੇ ਉਹ ਭੀ ਨਿਸਚਤ ਪੇਸ਼ੀਨਗੋਈ ਵਾਂਗ। ਦੇਖੋ ਇਹ ਸ਼ਬਦ, ਇਨ੍ਹਾਂ ਵਿਚ ਕਿਤਨੀ ਦ੍ਰਿੜਤਾ ਤੇ ਵਿਸ਼ਵਾਸ ਹੈ : "ਇਕ ਦਿਨ ਆਵੇਗਾ ਅਤੇ ਜ਼ਰੂਰ ਆਵੇਗਾ ਕਿ ਆਪ ਭੀ ਪਰਮਾਤਮ ਮਹੀਤ ਸਮੁੰਦਰ ਅੰਦਰਿ, ਆਤਮ ਤਾਰੀਆਂ ਤੇ ਚੁਭ ਚੁਭਾਰੀਆਂ ਲਾਇਆ ਕਰੋਗੇ।" ਇਸ ਤੋਂ ਅਗੇ ਇਕ ਬਿਰਹੋ ਰੀਝਾਣੇ ਦੀਆਂ ਜਿਗਰ ਅਸੀਸਾਂ ਹਨ।

ਅੰਤ ਕੀਤਾ ਹੈ ਆਪਣੇ ਸਭ ਤੋਂ ਪਿਆਰੜੇ ਸਿਰੀ ਬਾਬੂ ਜੀ ਨਾਲ—ਇਹ ਕਹਿ ਕੇ ਕਿ ਜੇ ਉਨ੍ਹਾਂ ਦੀ ਕੋਈ ਸੁੰਧਕ ਲਗੇ ਤਾਂ ਲਿਖਣੀ।

ਇਸ ਚਿਠੀ ਵਿਚ ਕੁਝ ਹੋਰ ਪਿਆਰਿਆਂ ਦਾ ਵੀ ਜ਼ਿਕਰ ਹੈ ਜਿਵੇਂ; ਮਾਣਕ ਜੀ, ਵੀਰ ਗਜਿੰਦਰ ਸਿੰਘ ਤੇ ਕਸ਼ਮੀਰ ਦੇ ਦੂਲੇ। ਇੰਜ ਇਹ ਪਤ੍ਰਕਾ ਭਾਈ ਸਾਹਿਬ ਦੇ ਨਾਲ ਮੇਲ ਜੋਲ ਰਖਣ ਵਾਲੇ ਸਤ ਸੰਗੀਆਂ ਦੇ ਲਈ ਇਕ ਸਾਂਝ ਦਾ ਸਬੂਤ ਵੀ ਦਿੰਦੀ ਹੈ।

ਇਸ ਚਿਠੀ ਤੋਂ ਜਿਥੇ ਇਹ ਸਪਸ਼ਟ ਹੈ ਕਿ ਭਾਈ ਸਾਹਿਬ ਕਿਵੇਂ ਦਿਨ ਰਾਤ ਨਾਮ ਵਿਚ ਮਸਤ ਰਹਿ ਕੇ ਸੁਰਤ ਜੋੜੀ ਰਖਦੇ ਤੇ ਅਭਿਆਸ ਕਰਦੇ ਰਹਿੰਦੇ ਸਨ ਉਥੇ ਕੁਝ ਕੁਝ ਇਹ ਵੀ ਝਲਕਾਰੇ ਪੈਂਦੇ ਹਨ ਕਿ ਉਹ ਨਾਮ ਵਿਚ ਕਿਵੇਂ ਰੰਗੇ ਜਾਂਦੇ ਸਨ। ਕਿਵੇਂ ਮਛਹਿਰੀ ਵਿਚ ਦਿਨੇ ਮਖੀਆਂ ਤੋਂ ਬਚਾ ਕਰਦੇ ਹੋਏ, ਬੈਰਾਗਣ ਦੇ ਸਹਾਰੇ



www.AKJ.Org

ਸਾਰਾ ਦਿਨ ਮਸਤੂਲ ਮਸਤ ਅਨੰਦ ਵਿਚ ਰਸ ਭਿੰਨੇ ਹੁਲਾਰੇ ਲੇਂਦੇ ਰਹਿੰਦੇ ਸਨ।

ਭਾਈ ਸਾਹਿਬ ਜੀ ਦੀ ਸ਼ਬਦਾਵਲੀ ਅਪਣੀ ਹੀ ਹੈ। ਗੁਰਮਤਿ ਵਿਚ ਭਿਜੇ ਹੋਏ ਗੁਰਬਾਣੀ ਦੇ ਅਥਾਹ ਸ਼ਬਦ ਭੰਡਾਰ ਵਿਚੋਂ ਲਏ ਸ਼ਬਦ ਹਨ ਜਾਂ ਫਿਰ ਆਪ ਜੀ ਨੇ ਆਪ ਸ਼ਬਦ ਘੜ ਲਏ ਹਨ। ਆਪ ਦੀਆਂ ਸਾਰੀਆਂ ਲਿਖਤਾਂ ਵਿਚੋਂ ਹੀ ਆਪ ਦੀ ਅਪਣੀ ਹੀ ਸ਼ਬਦਾਵਲੀ ਪਈ ਦਿਸਦੀ ਹੈ। ਜਿਸ ਨੂੰ ਗੁਰਬਾਣੀ ਦੇ ਅਭਿਆਸੀ ਤਾਂ ਸਮਝ ਸਕਦੇ ਹਨ ਪਰ ਕੇਵਲ ਸਾਹਿਤ ਵਿਚ ਵਰਤੀਂਦੀ ਅਜੋਕੀ ਸ਼ਬਦਾਵਲੀ ਨਾਲ ਹੀ ਪ੍ਰੀਚਤ ਸਜਣਾਂ ਲਈ ਇਸ ਨੂੰ ਪੂਰਾ ਸਮਝਣਾ ਔਖਾ ਹੈ। ਭਾਵੇਂ ਸ਼ਬਦ ਗੁਰਬਾਣੀ ਵਿਚ ਹਨ ਜਾਂ ਆਪਣੇ ਘੜੇ ਹੋਏ, ਵਿਆਕਰਣ ਦੀ ਕਿਧਰੇ ਜ਼ਰਾ ਜਿੰਨੀ ਵੀ ਉਕਾਈ ਨਹੀਂ ਹੈ। ਸ਼ਬਦਾਂ ਦੀ ਬਣਤਰ ਤੇ ਉਨ੍ਹਾਂ ਦੀ ਵਰਤੋਂ ਇਕ ਖਾਸ ਵਿਉਂਤ ਅਨੁਸਾਰ ਹੈ, ਜਜ਼ਬਾ ਹੈ, ਰਵਾਨੀ ਹੈ, ਅਨੁਭਵ ਹੈ ਤੇ ਕਿਧਰੇ ਕਿਧਰੇ ਦਲੀਲ, ਤਰਕ ਤੇ ਫ਼ਲਾਸਫ਼ੀ ਵੀ ਹੈ। ਪਰ ਸਮੁੱਚੇ ਤੌਰ ਤੇ ਇਸ ਵਿਚ ਵੈਰਾਗ ਮਈ, ਰਸ ਭਿੰਨੀ, ਨਾਮ ਵਿਚ ਰੰਗੀ ਹੋਈ ਚਾਸ਼ਣੀ ਹੈ ਜੋ ਕਿ ਸੁਤੇ ਹੀ ਪਾਠਕ ਦੇ ਮਨ ਤੇ ਇਕ ਭਰਪੂਰ ਅਸਰ ਕਰਦੀ ਹੈ। ਆਮ ਪਾਠਕ ਤੇ ਭਾਈ ਸਾਹਿਬ ਤੋਂ ਉਕੇ ਹੀ ਨਾ ਵਾਕਫ਼ ਪਾਠਕ, ਦੇ ਮਨ ਤੇ ਵੀ ਅਜੀਬ ਅਸਰ ਹੋਣਾ ਕੁਦਰਤੀ ਗਲ ਹੈ। ਜਿਨ੍ਹਾਂ ਪਿਆਰੇ ਜੋਗੀ ਰਾਜ, ਦਿਲਰਾਜ਼ ਜੀ ਨੂੰ ਇਹ ਚਿਠੀ ਲਿਖੀ ਗਈ ਹੈ ਉਨ੍ਹਾਂ ਦੇ ਤਨ ਮਨ ਵਿਚ ਕਿਤਨੀਆਂ ਝਰਨਾਟਾਂ ਛਿੜੀਆਂ ਹੋਣਗੀਆਂ, ਪਹਿਲੀ ਵੇਰ ਇਹ ਚਿਠੀ ਪੜਕੇ, ਇਸ ਦਾ ਅੰਦਾਜ਼ਾ ਕਠਨ ਹੈ। ਹੁਣ ਭੀ ਇਹ ਚਿਠੀ ਪੜ੍ਹ ਪੜ੍ਹਾ ਕੇ ਕਿਸੇ ਅਣਡਿਠੀ ਦੁਨੀਆਂ ਦੇ ਵਿਸਮਾਦੀ ਮੰਡਲ ਵਿਚ ਵਿਚਰਨ ਲਗ ਜਾਂਦੇ ਹਨ ਤੇ ਇੰਜ ਮਹਿਸੂਸ ਹੁੰਦਾ ਹੈ ਕਿ ਚਿਠੀ ਵਿਚ ਆਪ ਭਾਈ ਸਾਹਿਬ ਜੀ ਵਲੋਂ ਕੀਤੀ ਪੇਸ਼ੀਨਗੋਈ ਵਾਲੀ ਅਵਸਥਾ ਤੇ ਪੁਜ ਗਏ ਹਨ।

ਧਰਮ ਦੇ ਧਾਰਨੀ, ਸਚ ਦੇ ਢੰਡੋਰਚੀ, ਨਾਮ ਬਾਣੀ ਦੇ ਰਸੀਏ, ਗੁਰਮਤਿ ਬਿਬੇਕ ਵਿਚ ਰਹਿ ਕੇ ਨਾਮ ਅਭਿਆਸ ਕਮਾਈ ਕਰਨ ਵਾਲੇ, ਅਭੈ ਪਦ ਤੇ ਅਪੜ ਕੇ, ਭੈ ਤੇ ਭਾਵਨੀ ਵਿਚ ਵਿਚਰਨ ਵਾਲੇ, ਅਖੰਡ ਕੀਰਤਨੀਏ, ਗੁਰਮਤਿ ਦੇ ਵਿਆਖਿਆਕਾਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਉਪਰ ਕਥਿਤ ਸ਼ਬਦਾਂ ਨਾਲ ਸ਼ਰਧਾਂਜਲੀ ਭੇਟ ਕਰਦੇ ਹੋਏ, ਇਹ ਲੇਖ ਸਮਾਪਤ ਕਰਨ ਤੋਂ ਪਹਿਲਾਂ ਪਾਠਕਾਂ ਪ੍ਰਤੀ ਇਕ ਜ਼ਰੂਰੀ ਬੇਨਤੀ ਕਰਨੀ ਹੈ। ਉਹ ਇਹ ਕਿ ਭਾਈ ਸਾਹਿਬ ਜੀ ਦੀਆਂ ਪੁਸਤਕਾਂ ਤੇ ਲਿਖਤਾਂ ਨੂੰ ਮੁੜ ਮੁੜ ਛਾਪਣ ਦੀ ਲੋੜ ਹੈ। ਉਨ੍ਹਾਂ ਨੂੰ ਪਾਠਕਾਂ ਤੇ ਜਨਤਾ ਤਕ ਪਹੁੰਚਾਣ ਦੀ ਜ਼ਰੂਰਤ ਹੈ। ਸਾਹਿਤਕਾਰਾਂ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਦੇ ਰਚੇ ਹੋਏ ਕਈ ਪ੍ਰਕਾਰ ਦੇ ਸਾਹਿਤ ਦੇ ਵਿਸ਼ਿਆਂ ਤੇ ਸ਼ੈਲੀ ਆਦਿ ਨੂੰ ਪਰਖਣ ਤੇ ਉਸ ਦੀ ਸਮੀਖਿਆ ਕਰਨ ਤਾਂ ਜੋ ਪੰਜਾਬੀ ਬੋਲੀ ਤੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਭਾਈ ਸਾਹਿਬ ਜੀ ਨੂੰ ਮੁਨਾਸਬ ਥਾਂ ਮਿਲ ਸਕੇ। ਭਾਈ ਸਾਹਿਬ ਜੀ ਨੂੰ ਪਿਆਰ ਕਰਨ ਵਾਲੇ, ਉਨ੍ਹਾਂ ਦੀ ਮਿਠੀ ਪਿਆਰੀ ਯਾਦ ਵਿਚ ਘੋਲ ਘੁਮਾਈ ਹੋਣ ਵਾਲੇ ਉਨ੍ਹਾਂ ਦੇ



www.AKJ.Org

ਜੀਵਨ ਵਿਚ ਆਏ ਰੰਗਲੇ ਸਜਣਾ ਵਿਚੋਂ ਜ ਕੋਈ ਉਨ੍ਹਾਂ ਦੀ ਕੋਈ ਸਦੀਵੀ, ਅਮਰ ਤੇ ਅਸਰ ਭਰਪੂਰ ਯਾਦ ਕਾਇਮ ਕਰਨਾ ਚਾਹੁੰਦੇ ਹਨ ਤਾਂ ਉਹ ਇਹੋ ਹੀ ਹੋ ਸਕਦੀ ਹੈ ਕਿ ਉਨ੍ਹਾਂ ਦੀਆਂ ਲਿਖਤਾਂ ਨਾ ਕੇਵਲ ਸੁਰਖਿਅਤ ਹੀ ਕੀਤੀਆਂ ਜਾਣ ਸਗੋਂ ਮੁੜ ਮੁੜ ਛਾਪ ਕੇ ਵੰਡੀਆਂ ਜਾਣ। ਭਾਈ ਸਾਹਿਬ ਜੀ ਦੀਆਂ ਜੋ ਕੋਈ ਐਸੀਆਂ ਚਿੱਠੀਆਂ ਸਜਣਾਂ, ਮਿਤਰਾਂ, ਗੁਰਮੁਖਾਂ ਤੇ ਰਾਜ ਜੋਗੀਆਂ ਨੂੰ ਲਿਖੀਆਂ ਹੋਣ, ਜਿਹੋ ਜਹੀ ਦਾ ਕਿ ਉਪਰ ਜ਼ਿਕਰ ਆਇਆ ਹੈ ਉਹ ਸਭ ਇਕ ਥਾਂ ਤੇ ਇਕੱਠੀਆਂ ਕਰਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਚਿੱਠੀਆ ਦੇ ਨਾਂ ਹੇਠ ਜਾਂ ਕਿਸੇ ਹੋਰ ਢੁਕਵੇਂ ਨਾਂ ਥਲੇ ਛਾਪ ਦੇਣੀਆਂ ਚਾਹੀਦੀਆਂ ਹਨ। ਹੁਣ ਤਾਂ ਇਹੋ ਜਹੀਆਂ ਚਿਠੀਆਂ ਇਕੱਠੀਆਂ ਹੋ ਸਕਣਗੀਆਂ ਪਰ ਜਿਉਂ ਜਿਉਂ ਸਮਾਂ ਬੀਤ ਜਾਇਗਾ ਉਨ੍ਹਾਂ ਨੂੰ ਇਕ ਥਾਂ ਤੇ ਇਕੱਠਾ ਕਰਨਾ ਔਖਾ ਹੋਂਦਾ ਜਾਏਗਾ।

ਭਾਈ ਸਾਹਿਬ ਜੀ ਦੀਆਂ ਪੁਸਤਕਾਂ, ਟ੍ਰੈਕਟ ਤੇ ਇਹੋ ਜਿਹੀਆਂ ਚਿਠੀਆਂ 'ਗੁਰਮਤਿ ਸਾਹਿਤ' ਹੈ, ਪਰਮਾਰਥਕ ਤੇ ਆਤਮਕ ਸਾਹਿਤ ਹੈ ਜੋ ਕਿ ਪੜ੍ਹਨ ਵਾਲਿਆਂ ਨੂੰ ਗੁਰਬਾਣੀ ਦੀ ਸੋਝੀ ਦੇਂਦਾ ਹੈ, ਗੁਰੂ ਨਾਲ ਜੋੜਦਾ ਹੈ। ਗੁਰਬਾਣੀ ਦੀ ਸੋਝੀ, ਨਾਮ ਦੀ ਪ੍ਰਾਪਤੀ ਦੀ ਤਾਂਘ, ਪੈਦਾ ਕਰਦਾ ਹੈ ਜਿਸਦੀ ਕਮਾਈ ਦੁਆਰਾ ਕਿ ਪ੍ਰਾਣੀ ਨਾਮੀ ਨਾਲ ਜਾ ਜੁੜਦਾ ਹੈ। ਉਸ ਨਾਮੀ ਨਾਲ ਜੋ ਕਿ ਅਨੰਤ ਹੈ ਜਿਸਦੀ ਰਚਨਾ ਬੇਅੰਤ ਹੈ। ਜਿਸ ਦਾ ਇਹ ਸਾਰਾ ਪਸਾਰਾ ਹੈ ਜੋ ਕਿ 'ਸੰਕੋਚੈ ਤਉ ਨਾਨਕ ਏਕੈ" ਹੋ ਜਾਂਦਾ ਹੈ। ਜਿਸ ਨੇ ਕਈ ਵੇਰ 'ਪਸਾਰੇ ਦਾ ਖੇਲ' ਕੀਤਾ ਤੇ ਕਈ ਵੇਰ ਇਸ ਖੇਲ ਨੂੰ ਸਮੇਟ ਕੇ ਮੁੜ ਇਕ ਹੋ ਗਿਆ।

੦ ੦ ੦ ੦

---


## ਸਿਮਰਨੇ ਤੇ ਖੰਡੇ

ਅਸੀਂ ਸਰਬ ਲੋਹ ਦੇ ਵਧੀਆ ਸਿਮਰਨੇ, ਖੰਡੇ (ਦਸਤਾਰ ਉਤੇ ਸਜਾਉਣ ਵਾਲੇ) ਤੇ ਜੋੜਿਆਂ ਦੇ ਨੰਬਰ ਤਿਆਰ ਕਰਦੇ ਹਾਂ। ਮਿਲਣ ਦਾ ਪਤਾ ਇਹ ਹੈ:—

ਕ੍ਰਿਪਾਲ ਸਿੰਘ, ਖਾਲਸਾ ਨਿਸ਼ਾਨ ਮੇਕਰ,
੬੦, ਲਾਲ ਕੁਆਰਟਰ; ਆਜ਼ਾਦ ਨਗਰ ਮਾਰਕੀਟ,
ਲੁਧਿਆਣਾ।




www.AKJ.Org

# ਆਪ ਨੂੰ ਇਹ ਅਰਥ ਆਉਂਦੇ ਹਨ ?

(ਉਤਰਾਂ ਲਈ ਦੇਖੋ ਸਫ਼ਾ 22)

੧. ਪਰਬੋਧਹੁ ... ... ... ...(ੳ) ਮਨੁ ਪਰਬੋਧਹੁ ਹਰਿ ਕੈ ਨਾਇ ।
(ਅ) ਚਲੁ ਚਲੁ ਸਖੀ ਹਮ ਪ੍ਰਭ ਪਰਬੋਧਹ ।

੨. ਸਹੋਦਰਾ ... ... ... ... ...ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਪੁ ਸਹੋਦਰਾ ।

੩. ਅੰਜੁਲੀ ... ... ... ...ਕਰਿ ਸਾਧੂ ਅੰਜੁਲੀ ਪੁੰਨ ਵਡਾ ਹੇ ।

੪. ਕਿਆੜਾ... ... ... ...ਅਸਮਾਨਿ ਕਿਆੜਾ ਛਿਕਿਓਨੁ ।

੫. ਗਹਿਲਾ ... ... ... ...ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆ ।

੬. ਘਿਣਾਵਣੇ... ... ... ...ਨ ਤੂ ਆਵਹਿ ਵਸਿ ਬਹੁਤ ਘਿਣਾਵਣੇ ।

੭. ਚਉਕੀ... ... ... ... ...ਚਉਕੀ ਚਉਗਿਰਦ ਹਮਾਰੈ ।

੮. ਚਪਲ... ... ... ... ...ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ।

੯. ਜੀਅ ਦਾਨ... ... ......ਜੀਅ ਦਾਨੁ ਦੇ ਭਗਤਿ ਲਾਇਨਿ ।

੧੦. ਝਖਿ ... ... ... ...ਝਖਿ ਬੋਲਣੁ ਕਿਆ ਜਗਿ ਸਿਉ ਵਾਦ ।

੧੧. ਠਾਠਾ ਬਾਗਾ... ... ...ਲੋਗਨ ਸਿਉ ਮੇਰਾ ਠਾਠਾ ਬਾਗਾ ।

੧੨. ਤੁਰੀਆ... ... ... ...(ੳ) ਤੀਨ ਬਿਆਪਹਿ ਜਗਤਿ ਕਉ ਤੁਰੀਆ ਪਾਵੈ ਕੋਇ ॥
(ਅ) ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣ ਹੈ ਗੁਰਮੁਖਿ ਲਹੀਆ ।



www.AKJ.Org

# ਸ਼ਬਦ ਗੁਰੂ

ਭਾਈ ਸਾਹਿਬ ਵਧਾਵਾ ਸਿੰਘ ਜੀ ਐਮ. ਏ.

## ੧. ਓਅੰਕਾਰ

### (ੳ) ਜੋਤਿ-ਰੂਪ

ਅਸੀਂ ਜੀਵ ਆਪਣੀ ਬਿਰਤੀਆਂ ਸਰੀਰਾਕਾਰ ਬਣਾਈ ਬੈਠੇ ਹਾਂ। ਭਾਵੇਂ ਅਸੀਂ ਵੇਖਦੇ ਹਾਂ ਕਿ ਇਹ ਮਿੱਟੀ-ਰੂਪ ਸਰੀਰ ਮਰਨ ਤੇ ਇਥੇ ਹੀ ਮਿੱਟੀ ਵਿਚ ਮਿਲ ਜਾਂਦਾ ਹੈ ਅਤੇ ਸਤਿਗੁਰੂ ਜੀ ਨੇ ਤਾਂ ਦਸਿਆ ਵੀ ਹੋਇਆ ਹੈ ਕਿ

"ਮਰਣਹਾਰੁ ਇਹੁ ਜੀਅਰਾ ਨਾਹੀ।"
(ਗਉੜੀ ਮ: ੫—੧੮੮)

ਫਿਰ ਵੀ ਅਸੀਂ ਆਪਣੇ ਅਸਲੀ ਸਰੂਪ ਨਹੀਂ ਪਛਾਣਦੇ ਤੇ ਉਸ ਸਰੂਪ ਦੇ ਗੁਣ ਵਾਲਾ ਜੀਵਨ ਸੰਸਾਰ ਵਿਚ ਨਹੀਂ ਗੁਜ਼ਾਰਦੇ। ਅਸੀਂ ਜੋਤਿ-ਰੂਪ ਇਕ ਚੇਤਨ ਵਜੂਦ ਹਾਂ :—

'ਮਨ ਤੂੰ ਜੋਤ ਸਰੂਪ ਹੈ ਆਪਣਾ ਮੂਲੁ ਪਛਾਣ ॥'
(ਆਸਾ ਮ: ੩—੪੪੦)

ਇਹ ਸਰੂਪ ਸਾਨੂੰ ਅਕਾਲ ਪੁਰਖ ਤੋਂ ਮਿਲਿਆ ਹੋਇਆ ਹੈ, ਜਿਸ ਕਰਕੇ ਸਾਨੂੰ ਕਬੀਰ ਜੀ 'ਰਾਮ ਕੀ ਅੰਸੁ' ਕਹਿੰਦੇ ਹਨ। ਪ੍ਰਭੂ ਨਾਲ ਸਾਡਾ ਮੇਲ ਸੂਰਜ-ਕਿਰਣ ਵਿਸਥਾਰ ਵਾਲਾ ਮੇਲ ਹੈ। ਜਿਵੇਂ ਅਸੀਂ ਆਪਣੇ ਆਪ ਨੂੰ ਸਰੀਰ ਧਾਰੀ ਸਮਝਦੇ ਹਾਂ ਤਿਵੇਂ ਅਸੀਂ ਆਪਣੇ ਗੁਰੂ ਨੂੰ ਵੀ ਸਰੀਰ ਵਾਲਾ ਹੀ ਖਿਆਲ ਕਰਦੇ ਹਾਂ ਭਾਵੇਂ ਉਹ ਅਕਾਲ ਪੁਰਖ ਨਾਲ ਅਭੇਦ ਹੋਣ ਕਰਕੇ ਖਾਲਸ ਜੋਤਿ-ਰੂਪ ਹਨ। ਭੱਟਾਂ ਦੇ ਸਵੱਈਆਂ ਵਿਚ ਗੁਰੂ ਸਾਹਿਬਾਨ ਦਾ ਰੂਪ ਇਹ ਦਰਸਾਇਆ ਹੋਇਆ ਹੈ :-

'ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ'
(ਸਵਈਏ ਮ: ੫- ੧੪੦੮)

ਅਤੇ

'ਧਰਨਿ ਗਗਨ ਨਵਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥ ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ ਹਰਿ ॥
(ਸਵਈਏ ਮ: ੫—੧੪੦੯)

ਗੁਰੂ ਦਾ ਇਹ ਸਰੂਪ ਅਕਾਲ ਪੁਰਖੀ ਸਰੂਪ ਹੈ। ਨਿਰੰਕਾਰ ਜੀ ਨੇ ਜਦੋਂ ਇਕ ਤੋਂ ਅਨੇਕ ਬਣਨ ਦਾ ਵਿਚਾਰ ਕੀਤਾ ਤਾਂ ਉਸ ਨੇ ਪਹਿਲਾਂ ਆਪਣਾ ਨਿਸ਼ਾਨ (ਚਿੰਨ੍ਹ) ਕਾਇਮ ਕੀਤਾ ਅਤੇ ਇਹ ਨਿਸ਼ਾਨ ਸੀ ਜੋਤਿ, ਜੋ ਸਦੀਵ ਕਾਲ ਰਹਿਣ ਵਾਲੀ ਅਕਾਲ ਮੂਰਤਿ ਹੈ :-

"ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ।*
(ਵਾਰ ੩, ਪ: ੧ ਭਾ: ਗੁਰਦਾਸ)

ਨਿਰੰਕਾਰ ਜੀ ਦਾ ਇਹ 'ਏਕੰਕਾਰਾ' ਸਰੂਪ ਹੈ, ਜਿਸ ਨੇ 'ਏਕੋ ਕਵਾਉ' 'ਸ਼ਬਦ ਧੁਨਿ' (ਹੋਂਦ-ਪਰਵਾਹ) ਦੇ ਰੂਪ ਵਿਚ ਵਿਆਪਕ ਹੋ ਕੇ ਓਅੰ-

*ਏਕਾ ਏਕੰਕਾਰ ਲਿਖ ਦਿਖਾਲਿਆ।
ਊੜਾ ਓਅੰਕਾਰ ਪਾਸ ਬਹਾਲਿਆ ॥
ਸਤਿਨਾਮੁ ਕਰਤਾਰ ਨਿਰਭਉ ਭਾਲਿਆ ॥
ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ ॥
ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ ॥
(ਵਾਰ ੩, ਪ: ੧੫ ਭਾ: ਗੁ:)

www.AKJ.Org

ਕਾਰ ਦਾ ਰੂਪ ਦਾ ਧਾਰਿਆ :—

'ਨਿਰੰਕਾਰੁ ਅਕਾਰੁ ਹੋਇ ਏਕੰਕਾਰ ਅਪਾਰੁ ਸਦਾਇਆ ॥ ਏਕੰਕਾਰਹੁ ਸਬਦ ਧੁਨਿ ਓਅੰਕਾਰੁ ਅਕਾਰ ਬਣਾਇਆ ॥'

(ਵਾਰ ੨੬- ਪ: ੨ ਭਾ: ਗੁ)

ਇਹ ਵਿਆਪਕ ਜੋਤਿ-ਹੋਂਦ-ਪਰਵਾਹ ਓਅੰਕਾਰ (ੳ ) ਏਕੰਕਾਰ ਦਾ ਹੀ ਸਰੂਪ ਹੈ:—

"ਓਅਕੰਾਰ ਅਕਾਰ ਸੁ ਤਿਸੈ"

(ਵਾਰ ੪੦—ਪ: ੬, ਭਾ: ਗੁ:)

ਸੋ ਓਅੰਕਾਰ ਨੇ ਹੀ ਕਰਤਾ ਪੁਰਖ ਦੇ ਰੂਪ ਵਿਚ ਸਾਰੀ ਰਚਨਾ ਰਚੀ ਅਤੇ ਸਾਰੀ ਰਚਨਾ ਵਿਚ ਜੋਤ-ਰੂਪ 'ਗੁਰ ਪਰਮੇਸੁਰ' ਹੋ ਕੇ ਬੈਠ ਗਿਆ। ਇਹ ਵਿਆਪਕ ਜੋਤਿ-ਹੋਂਦ ਹੀ ਸਭ ਰਚਨਾ ਦਾ ਆਧਾਰ ਰੂਪ ਆਤਮਾ ਹੈ ਅਤੇ ਸਭ ਨੂੰ ਪ੍ਰਕਾਸ਼ ਕਰ ਰਹੀ ਤੇ ਸਭ ਦੀ ਸੰਭਾਲ ਕਰ ਰਹੀ ਹੈ ਅਤੇ ਇਹ ਹੀ ਸਭ ਨੂੰ ਪ੍ਰੇਰਣਾ ਤੇ ਅਗਵਾਈ ਦੇਣ ਵਾਲੀ ਹੈ :—

'ਓਅੰਕਾਰਿ ਸਭ ਸ੍ਰਿਸਟਿ ਉਪਾਈ ॥
ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥'

(ਮਾਰੂ-ਮ: ੩, ੧੦੬੧)

ਅਤੇ

'ਓਅੰਕਾਰ ਆਦਿ ਕਥਨੀ ਅਨਾਦਿ ।।

(ਜਾਪ ਪਾ: ੧੦-੧੬੭)

ਅਤੇ 'ਓਨਮ ਅਖਰ ਸੁਣਹੁ ਬੀਚਾਰੁ ॥
ਓਨਮ ਅਖਰੁ ਤ੍ਰਿਭਵਣ ਸਾਰੁ ॥'

(ਰਾਮਕਲੀ ਮ: ੧-੯੩੦)

ਇਹ ਓਅੰਕਾਰ, ਸ਼ਬਦ-ਬ੍ਰਹਮ, ਹੀ ਗੁਰ ਪਰਮੇਸੁਰ, ਅਰਥਾਤ ਆਦਿ ਸ਼ਬਦ-ਗੁਰੂ ਹੈ ਜੋ ਘਟਿ ਘਟਿ ਵਿਚ ਸਮਾਇਆ ਹੋਇਆ ਹੈ ਅਤੇ '੧ਓ' ਸਰੂਪੀ 'ਇਕ ਅਪਰੰਪਰ ਪਾਰਬ੍ਰਹਮ' ਦਾ ਅਨਿਖੜਵਾਂ ਅੰਗ ਹੈ। ਦਸ ਗੁਰੂ ਸਾਹਿਬਾਨ ਇਸੇ ਦਾ ਹੀ ਰੂਪ ਹਨ :-

'ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ । ਓਹ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥'

(ਸੂਹੀ ਮ: ੪-੭੫੯)

(ਅ) ਨਾਮ :—ਇਹ 'ਸ਼ਬਦ ਧੁਨਿ' 'ੳ' ਹੀ ਨਾਮ-ਧੁਨਿ ਹੈ ਜਿਸ ਨੂੰ 'ਸਤਿਨਾਮ ਤੇਰਾ ਪਰਾ-ਪੂਰਬਲਾ' ਕਰਕੇ ਜਣਾਇਆ ਹੈ ਜਿਸ ਦੇ ਮੁਖ ਗੁਣ 'ਅਖੰਡ', 'ਹੈ-ਸਰੂਪ' ਅਤੇ 'ਜੋਤਿ-ਰੂਪ' ਹਨ। ਇਸੇ ਕਰਕੇ ਸਤਿਗੁਰ ਜੀ ਸਾਰੀ ਰਚਨਾ ਦੀ ਉਤਪਤੀ ਨਾਮ ਤੋਂ ਹੋਈ ਦਸਦੇ ਹਨ :-

'ਨਾਮੈ ਹੀ ਤੇ ਸਭੁ ਕਿਛੁ ਹੋਆ...'

(ਸੂਹੀ ਮ: ੩-੭੫੩)

ਅਤੇ

'ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥'

(ਗਉੜੀ ਮ: ੫—੨੮੪)

ਅਤੇ ਕਬੀਰ ਜੀ ਨੂਰ ਤੋਂ ਹੋਈ ਦਸਦੇ ਹਨ :—

"ਅਵਲਿ ਅਲਹ ਨੂਰ ਉਪਾਇਆ
ਕੁਦਰਤ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ ॥"

(ਪ੍ਰਭਾਤੀ ਕਬੀਰ ਜੀ—੧੩੪੯)

ਇਹ ਸ਼ਬਦ ਧੁਨਿ 'ੳ' ਜਿਸ ਨੂੰ ਨਾ ਖਰਣ ਵਾਲੇ 'ੳ' ਸ਼ਬਦ ਦੀ ਧੁਨੀ ਦੁਆਰਾ ਦਰਸਾਇਆ ਹੈ, ਸ਼ਬਦ-ਬ੍ਰਹਮ ਅਰਥਾਤ ਨਾਮ-ਬ੍ਰਹਮ ਹੈ, ਤਾਂ ਹੀ ਗੁਰੂ ਫੁਰਮਾਨ ਹੈ :—



www.AKJ.Org

"ਹਰਿਨਾਮੁ ਹਮਾਰਾ ਪ੍ਰਭੁ ਅਬਿਗਤ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ ॥ ਹਰਿ-ਨਾਮੁ ਹਮ ਸ੍ਰੇਵਹਿ ਹਰਿ-ਨਾਮੁ ਹਮ ਪੂਜਹ ਹਰਿ ਨ ਮੇ ਹੀ ਮਨੁ ਰਾਤਾ ॥......

(ਪਉੜੀ, ਵਾਰ ਵਡਹੰਸ ਮ: ੪—੫੯੨)

ਸਥੂਲ ਅੱਖਰੀ ਨਾਮ 'ਵਾਹਿਗੁਰੂ' ਜੋ ਸਾਨੂੰ ਅੰਮ੍ਰਿਤ ਛਕਣ ਸਮੇਂ ਪੰਜਾਂ ਪਿਆਰਿਆਂ ਦੁਆਰਾ ਜਪਣ ਲਈ ਮਿਲਦਾ ਹੈ, ਇਸੇ ਮਹਾਨ ਸ਼ਕਤੀ ਦਾ ਹੀ ਲਖਾਇਕ ਹੈ ਅਤੇ ਜਿਸ ਨੂੰ ਗੁਰਮਤਿ ਅਨੁਸਾਰ ਜਪੁ ਕੇ ਅਸੀਂ ਇਸੇ ਓਅੰਕਾਰ ਦਾ ਹੀ ਸਿਮਰਨ ਕਰਦੇ ਹਾਂ ਜੋ ਸਾਡਾ 'ਗੁਰ-ਪਰਮੇਸੁਰ' ਹੈ ਅਤੇ ਤਦੇ ਫੁਰਮਾਇਆ ਹੈ :—

'ਗੁਰੂ ਗੁਰੂ ਗੁਰੁ ਕਰਿ ਮਨ ਮੋਰ ।
ਗੁਰੂ ਬਿਨਾ ਮੈ ਨਾਹੀ ਹੋਰ ॥'

(ਗੋਂਡ ਮ: ੫—੮੬੪)

ਜਦੋਂ ਸਿਧਾਂ ਨੇ ਗੁਰੂ ਨਾਨਕ ਸਾਹਿਬ ਤੋਂ ਪੁਛਿਆ ਕਿ ਤੇਰਾ ਗੁਰੂ ਕੌਣ ਹੈ, ਜਿਸ ਦਾ ਤੂੰ ਚੇਲਾ ਹੈਂ ਤਾਂ ਉਨ੍ਹਾਂ ਦਾ ਉਤਰ ਸੀ :—

'ਸਬਦ ਗੁਰੂ ਸੁਰਤਿ ਧੁਨਿ ਚੇਲਾ ॥'

(ਰਾਮਕਲੀ ਮ: ੧, ਸਿਧ ਗੋਸਟਿ—੯੪੩)

ਅਤੇ ਸੰਸਾਰ ਭਵਜਲ ਤੋਂ ਤਾਰਨਹਾਰ ਇਸ ਸ਼ਬਦ ਦਾ ਨਿਵਾਸ ਕਿਥੇ ਹੈ, ਦਾ ਉਤਰ ਸੀ :-

"ਸੁ ਸਬਦ ਕਉ ਨਿਰੰਤਰਿ ਵਾਸ ਅਲਖੰ ਜਹ ਦੇਖਾ ਤਹ ਸੋਈ ॥"

(ਰਾਮਕਲੀ ਮ: ੧ ਸਿਧ ਗੋਸਟਿ—੯੪੪)

ਅਰਥਾਤ ਮੇਰਾ ਗੁਰੂ 'ੴ' ਸ਼ਬਦ-ਬ੍ਰਹਮ ਜਾਂ ਨਾਮ-ਬ੍ਰਹਮ ਭਾਵ ਵਿਆਪਕ ਆਦਿ ਪ੍ਰਭੂ-ਜੋਤਿ-ਹੋਂਦ ਹੈ (ਅਤੇ ਚੇਲਾ ਵੀ ਅਸਰੀਰੀ ਸਰਤਿ ਨੂੰ ਹੀ ਦਸਿਆ ਹੈ ।

ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਭਾਈ ਨੰਦ ਲਾਲ ਜੀ ਨੂੰ ਆਪਣੇ ਤਿੰਨ ਸਰੂਪ ਦਸੇ ਸਨ ਤਾਂ ਉਨ੍ਹਾਂ ਵਿਚੋਂ ਪਹਿਲਾ ਸਰੂਪ 'ਏਕ ਰੂਪ ਤਿਹ ਗੁਣ ਤੇ ਪਰੇ' ਦਸਿਆ ਸੀ ਜੋ ਇਹ ਨਿਰੰਜਨੀ ਜੋਤਿ ਵਾਲਾ ਹੈ ਜੋ ਕਿ ਤਿੰਨ ਗੁਣਾਂ (ਰਜੋ, ਤਮੋ, ਸਤੋ) ਵਾਲੀ ਮਾਇਆ ਵਿਚ ਵਿਆਪਕ ਹੁੰਦੇ ਹੋਏ ਵੀ ਇਸ ਤੋਂ ਨਿਰਲੇਪ ਰਹਿੰਦਾ ਹੈ । ਇਸ ਸਰੂਪ ਵਿਚ ਜਾ ਕੇ ਹੀ ਪ੍ਰਭੂ ਦੇ ਏਕਤ੍ਵ ਦਾ ਅਹਿਸਾਸ ਹੁੰਦਾ ਹੈ ਅਤੇ ਪ੍ਰਭੂ ਦੀ ਪੂਰਨ ਹੋਂਦ ਬਣਦੀ ਤੇ ਪ੍ਰਗਟ ਹੁੰਦੀ ਹੈ ।

## 2. ਗੁਰਬਾਣੀ :—

(ੳ) ਉਪਦੇਸ਼ :—ਪ੍ਰਭੂ ਜੀ ਦਾ ਇਹ-ਨਿਰ-ਗੁਣੀ ਸਰੂਪ, ਜੋਤਿ, ਗੁਰੂ ਉਪਦੇਸ਼ ਦੁਆਰਾ ਹੀ ਪ੍ਰਗਟ ਹੁੰਦਾ ਹੈ :

'ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਕੈ ਚਾਨਣ ਸਭ ਮਹਿ ਚਾਨਣਿ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥'

(ਧਨਾਸਰੀ ਮ: ੧, ੧੩)

ਸਤਿਗੁਰੂ ਨੂੰ ਮਿਲਣ ਤੇ ਉਨ੍ਹਾਂ ਦੀ ਪ੍ਰਸੰਨਤਾ ਦੁਆਰਾ ਇਹ ਉਪਦੇਸ਼ ਹੀ ਪ੍ਰਾਪਤ ਹੁੰਦਾ ਹੈ, ਜਿਸ ਨੂੰ ਕਮਾ ਕੇ ਮੋਖ-ਪਦਵੀ ਪ੍ਰਾਪਤ ਹੁੰਦੀ ਹੈ :-

'ਸਤਿਗੁਰੁ ਦੇਖਿਆ ਦੀਖਿਆ ਲੀਨੀ ॥
ਮਨੁ ਤਨੁ ਅਰਪਿਓ ਅੰਤਰਗਤਿ ਕੀਨੀ ॥
ਗਤਿ ਮਿਤਿ ਪਾਈ ਆਤਮੁ ਚੀਨੀ ॥'

(ਗਉੜੀ ਮ: ੧—੨੨੭)

ਸਤਿਗੁਰੂ ਨੂੰ ਕੇਵਲ ਸਰੀਰ ਕਰਕੇ ਵੇਖਣ ਨਾਲ ਮੁਕਤੀ ਨਹੀਂ ਹੁੰਦੀ :—

'ਸਤਿਗੁਰ ਨੋ ਸਭ ਕੋ ਵੇਖਦਾ ਜੇਤਾ ਜਗਤ ਸੰਸਾਰ ॥ ਡਿਠੈ ਮੁਕਤਿ ਨ ਹੋਵਈ ਜਿਚਰੁ



www.AKJ.Org

ਸਬਦਿ ਨ ਕਰੇ ਵੀਚਾਰੁ ॥'

(ਵਾਰ ਵਡਹੰਸ ਮ: ੩—੫੯੪)

ਅਤੇ

ਬਿਨ ਸਬਦੇ ਆਚਾਰੁ ਨ ਕਿਨ ਹੀ ਪਾਇਆ।
ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥

(ਵਾਰ ਮਲਾਰ ਮ: ੧—੧੨੮੫)

ਜੋ ਮਨ, ਬਚਨ ਤੇ ਕਰਮਾਂ ਦੁਆਰਾ ਇਸ ਬਾਣੀ ਦੀ ਕਮਾਈ ਕਰਦੇ ਹਨ ਅਰਥਾਤ ਜੋ ਬਾਣੀ ਨੂੰ ਸਤਿ ਸਤਿ ਕਰਕੇ ਤਨੋ ਮਨੋ ਮੰਨਦੇ ਹਨ, ਉਨ੍ਹਾਂ ਦੇ ਅੰਦਰ ਨਾਮ-ਦਾਤ, ਪ੍ਰਭੂ-ਜੋਤਿ ਪ੍ਰਗਟ ਹੋ ਜਾਂਦੀ ਹੈ :—

'ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥'

(ਬਿਲਾਵਲ ਮ: ੩—੭੯੭)

ਤਾਂ ਤੇ ਸਤਿਗੁਰ ਦੇ ਬਚਨ, ਉਪਦੇਸ਼ ਹੀ ਅਸਲ ਗੁਰੂ ਸਰੂਪ ਹਨ :—

'ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥

(ਕਾਨੜਾ ਮ: ੪—੧੩੧੦)

ਅਤੇ

'ਬਾਣੀ ਗੁਰੂ ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤੁ ਸਾਰੇ ॥ ਗੁਰਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥'

(ਨਟ ਮ: ੪—੯੮੨)

ਗੁਰੂ ਅਰਜਨ ਦੇਵ ਜੀ ਦੇ ਹਿਰਦੇ ਵਿਚ ਗੁਰੂ ਬਚਨਾਂ ਦੀ ਕਦਰ ਇੰਨੀ ਸੀ ਕਿ ਮੋਹਨ ਜੀ ਤੋਂ ਗੁਰਬਾਣੀ ਦੀਆਂ ਸੈਂਚੀਆਂ ਲੈ ਕੇ ਨੰਗੇ ਪੈਰੀਂ ਕੀਰਤਨ ਕਰਦੇ ਸ੍ਰੀ ਅੰਮ੍ਰਿਤਸਰ ਵਾਪਸ ਪਹੁੰਚੇ ਸਨ। ਇਨ੍ਹਾਂ ਸੈਂਚੀਆਂ ਨੂੰ ਉਚੇ ਥਾਂ ਰਖਿਆ ਤੇ ਆਪ ਨੀਵੇਂ ਥਾਂ ਬਿਰਾਜਦੇ। ਫਿਰ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਪੂਰਨ ਰੂਪ ਵਿਚ ਤਿਆਰ ਹੋਏ ਤੇ ਸ੍ਰੀ ਹਰਮੰਦਰ ਸਾਹਿਬ ਵਿਚ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪ ਕੇ ਪ੍ਰਕਾਸ਼ ਕੀਤੇ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਸਭ ਤੋਂ ਪਹਿਲਾਂ ਮੱਥਾ ਆਪ ਜੀ ਨੇ ਟੇਕਿਆ।

ਬਚਨ, ਉਪਦੇਸ਼, ਗੁਰੂ ਹੋਣ ਕਰਕੇ ਹੀ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਕਬਰ ਨੂੰ ਤੀਰ ਨਾਲ ਸਲਾਮ ਕਰਨ ਤੇ ਉਨ੍ਹਾਂ ਨੂੰ ਡੰਨ ਲਾਇਆ ਸੀ।

(ਅ) ਹੁਕਮ : ਸਤਿਗੁਰ ਦੀ ਬਾਣੀ ਕਰਤਾ ਪੁਰਖ ਦੇ ਆਪਣੇ ਬਚਨ ਹਨ :

'ਸਤਿਗੁਰ ਕੀ ਬਾਣੀ ਸਤਿ ਸਤਿ ਸਤਿ ਕਰਿ ਜਾਣਹੁ ਗੁਰ ਸਿਖਹੁ ਹਰਿ ਕਰਤਾ ਆਪ ਮੂਹਹੁ ਕਢਾਏ ॥'

(ਵਾਰ ਗਉੜੀ ਮ: ੪—੩੦੮)

ਕਿਉਂ ਜੋ ਗੁਰੂ ਤੇ ਅਕਾਲ ਪੁਰਖ ਅਭੁਲ ਤੇ ਹਮੇਸ਼ਾ ਜਾਗਤੀ-ਜੋਤਿ ਹਨ; ਇਸ ਲਈ ਉਨ੍ਹਾਂ ਦੇ ਬਚਨ ਵੀ ਸਦਾ ਅਡੋਲ ਤੇ ਅੱਟਲ ਹਨ :—

"ਨਿਸ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਦਾ ॥ ਗਿਰਿ ਬਸੁਧਾ ਜਲ ਪਵਨ ਜਾਇਗੋ ਇਕ ਸਾਧ ਬਚਨ ਅਟਲਾਧਾ ॥"

(ਸਾਰੰਗ ਮ: ੫—੧੨੦੪)

ਅਤੇ

'ਬਾਣੀ ਪ੍ਰਭ ਕੀ ਸਭ ਕੋ ਬੋਲੈ। ਆਪਿ ਅਡੋਲੁ ਨ ਕਬਹੂ ਡੋਲੈ ॥"

(ਗਉੜੀ ਮ: ੫—੨੯੪)

ਗੁਰਮਤਿ ਵਿਚ ਪ੍ਰਭੂ ਨਿਰਾ ਸਾਖੀ ਪੁਰਖ



www.AKJ.Org

ਨਹੀਂ ਸਗੋਂ ਕਰਤਾ ਪੁਰਖ ਹੈ। ਕੇਵਲ ਪ੍ਰਭੂ ਹੀ ਕਰਤਾ ਪੁਰਖ ਹੈ ਹੋਰ ਉਸ ਦਾ ਕੋਈ ਸ਼ਰੀਕ ਵੀ ਨਹੀਂ ਹੈ। ਉਸ ਦੇ ਹੁਕਮ ਤੋਂ ਬਿਨਾ ਕੋਈ ਪੱਤਾ ਵੀ ਨਹੀਂ ਝੂਲਦਾ ਅਤੇ ਪ੍ਰਭੂ ਦੇ ਹੁਕਮ ਨੂੰ ਅਸੀਂ ਸਿਰ ਮੱਥੇ ਤੇ ਮੰਨਦੇ ਹਾਂ ਤੇ ਉਸ ਦੀ ਰਜ਼ਾ ਅੱਗੇ ਸਿਰ ਝੁਕਾਉਂਦੇ ਹਾਂ। ਇਸੇ ਲਈ ਸਾਡੇ ਗੁਰੂ ਸਾਹਿਬਾਨ ਨੇ ਪ੍ਰਭੂ ਦੇ ਹੁਕਮਾਂ/ਬਚਨਾਂ ਨੂੰ ਹੀ ਆਪਣੀ ਗੱਦੀ ਤੇ ਸੁਸ਼ੋਭਤ ਕੀਤਾ ਹੈ। ਅਕਾਲ ਪੁਰਖੀ ਹੁਕਮਾਂ ਨੂੰ ਗੁਰੂ ਨਾਨਕ ਸਾਹਿਬ ਨੇ ਵੀ ਸਰਬੋਤਮ ਮੰਨਿਆ ਤੇ ਇਨ੍ਹਾਂ ਅੱਗੇ ਸਿਰ ਝੁਕਾਇਆ :-

'ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ ॥ ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥' (ਮਾਰੂ ਮ: ੧—੯੯੧)

ਗੁਰੂ ਪੰਚਮ ਪਾਤਸ਼ਾਹ ਹੁਕਮ ਮੰਨਣ ਸੰਬੰਧੀ ਆਪਣੇ ਬਾਰੇ ਇਉਂ ਫਰਮਾਉਂਦੇ ਹਨ :—

ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖ ਨਹੀ ਮੋਰਿਓ ॥ ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥ ੨ ॥ ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀਂ ਜਾਨਿਓ ॥ ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥ (ਮਾਰੂ ਮ: ੫, ੧੦੦੦)

ਸਾਡਾ ਧਰਮ ਹੁਕਮ-ਪ੍ਰਧਾਨ ਧਰਮ ਹੈ, ਅਸੀਂ ਤਾਂ ਮੱਥਾ ਵੀ ਗੁਰੂ ਅਕਾਲ ਪੁਰਖ ਦੇ ਹੁਕਮਾਂ ਨੂੰ ਇਸ਼ਟ ਮੰਨ ਕੇ ਟੇਕਦੇ ਹਾਂ। ਇਸੇ ਕਰਕੇ ਇਸ ਧਰਮ ਵਿਚ ਹੁਕਮਾਂ ਦੇ ਮੰਨਣ ਵਾਲਾ ਹੀ ਪ੍ਰਵਾਨ ਚੜ੍ਹ ਸਕਦਾ ਹੈ।

"ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥"

(ਵਾਰ ਆਸਾ ਮ : ੧; ਪਉੜੀ—੪੭੧) ਅਤੇ

'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥"

(ਰਾਮਕਲੀ ਮ: ੩, ਅਨੰਦ—੯੧੮)

(ੲ) ਪ੍ਰੇਮ ਭਾਵ ਰੂਪ :—ਸਾਹਿਤ ਦਾ ਹਰ ਪਦ ਕਿਸੇ ਨਾ ਕਿਸੇ ਭਾਵ ਦਾ ਲਖਾਇਕ ਹੁੰਦਾ ਹੈ ਅਤੇ ਸੰਸਾਰ ਦੇ ਸਭ ਜੀਵਾਂ ਦੇ ਹਸਣ, ਰੋਣ, ਖੇਡਣ, ਕੁਦਣ, ਆਨੰਦ ਮਾਨਣ ਤੇ ਮੌਲਣ ਆਦਿ ਦੇ ਭਾਵ ਇਕੋ ਜਿਹੇ ਹੀ ਹੁੰਦੇ ਹਨ, ਭਾਵੇਂ ਇਨ੍ਹਾਂ ਦੇ ਪ੍ਰਗਟਾਉਣ ਦੇ ਢੰਗ, ਬੋਲੀਆਂ ਤੇ ਭਾਸ਼ਾਵਾਂ, ਭਿੰਨ ਭਿੰਨ ਹਨ। ਭਾਵਾਂ ਤੋਂ ਹੀ ਜੀਵ ਚੰਗੇ ਮੰਦੇ ਪਰਖੇ ਜਾਂਦੇ ਹਨ। ਭਾਵਾਂ ਦੁਆਰਾ ਹੀ ਸਾਡਾ ਅਕਾਲ ਪੁਰਖ ਨਾਲ ਮੇਲ ਹੁੰਦਾ ਹੈ ਅਤੇ ਭਾਵ ਹੀ ਮਾਨੋ ਅਕਾਲ ਪੁਰਖ ਦੀ ਜੋਵ ਨਾਲ ਗਲਬਾਤ ਕਰਨ ਦੀ ਬੋਲ ਹੈ। ਗੁਰਬਾਣੀ ਦਾ ਹੋਰ ਪਦ ਤੇ ਤੁਕ ਕਿਸੇ ਨਾ ਕਿਸੇ ਪ੍ਰੇਮ-ਭਾਵ ਦੀ ਲਖਾਇਕ ਹੈ। ਨਾਮ-ਜਾਪ, ਬਾਣੀ-ਪਾਠ ਤੇ ਅਕਾਲ ਪੁਰਖ ਦੇ ਕੀਰਤਨ ਆਦਿ ਤਦੇ ਹੀ ਪ੍ਰਭੂ-ਦਰਗਾਹ ਵਿਚ ਪਹੁੰਚਦੇ ਹਨ ਜਿਕਰ ਅਸੀਂ ਇਨ੍ਹਾਂ ਵਿਚ ਅੰਕਤ ਭਾਵਾਂ ਨੂੰ ਪ੍ਰਭੂ ਜੀ ਤਕ ਭਾਵ ਰੂਪ ਹੋ ਕੇ ਪਰਸਾਰਨ ਵਿਚ ਸਫਲ ਹੁੰਦੇ ਹਾਂ। ਜੇ ਅਸੀਂ ਪ੍ਰਭੂ ਨੂੰ ਯਾਦ ਕਰਦੇ ਭਾਵ-ਮੰਡਲ ਵਿਚ ਨਹੀਂ ਜਾਂਦੇ (ਅਰਥਾਤ ਸ਼ਬਦਾਕਾਰ ਨਹੀਂ ਹੁੰਦੇ) ਤਾਂ ਸਾਡੇ ਕੀਤੇ ਸ੍ਰੇਸ਼ਟ ਕਰਮਾਂ ਦੀ ਮਾਰ ਮਾਤ ਲੋਕ ਤਕ ਹੀ ਹੁੰਦੀ ਹੈ, ਪ੍ਰਭੂ-ਦੇਸ਼ ਤਕ ਦੀ ਨਹੀਂ ਹੁੰਦੀ। ਪ੍ਰਭੂ ਸਚਾ ਹੈ ਉਸਦਾ ਨਾਮ ਵੀ



www.AKJ.Org

ਸਚਾ ਹੈ ਅਤੇ ਉਸਦੇ ਨਾਮ ਲੈਣ ਦੀ ਭਾਸ਼ਾ, ਅਨਿਕ ਪ੍ਰੇਮ ਤਰੰਗਾਂ ਦੀ ਹੈ।

'ਸਾਚਾ ਸਾਹਿਬ, ਸਾਚੁ ਨਾਇ, ਭਾਖਿਆ ਭਾਉ ਅਪਾਰ।' (ਜਪੁਜੀ)

ਪ੍ਰਭੂ ਨਾਲ ਸੰਬੰਧਤ ਸਾਰੇ ਪ੍ਰੇਮ-ਭਾਵ ਪ੍ਰਭੂ ਤੇ ਕੇਂਦਰਤ ਹੋਣ ਕਰਕੇ ਇਕ ਲਗਾਤਾਰ ਪ੍ਰੇਮ, ਲਿਵ ਦਾ ਰੂਪ ਧਾਰ ਲੈਂਦੇ ਹਨ। ਹਰ ਭਾਵ ਮਾਨੋ ਪ੍ਰਭੂ ਜੋਤ ਦੀ ਇਕ ਇਕ ਕਿਰਣ ਹੈ ਅਤੇ ਇਹ ਪ੍ਰੇਮ ਦੇ ਪਰਵਾਹ ਵਿਚ ਇਕੱਤ੍ਰ ਹੋ ਕੇ ਪ੍ਰਭੂ-ਜੋਤੀ ਦਾ ਰੂਪ ਧਾਰਦੇ ਹਨ ਤਾਂ ਹੀ ਫੁਰਮਾਇਆ ਹੈ :—

'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ'

ਪ੍ਰਭੂ, ਨਾਮ ਤੇ ਉਸਦੀ ਭਾਸ਼ਾ ਆਪਸ ਵਿਚ ਓਤਪੋਤ ਹਨ। ਇਸ ਤਰ੍ਹਾਂ ਸਮੱਗਰ ਗੁਰਬਾਣੀ ਆਪਣੇ ਸੂਖਮ ਸਰੂਪ ਵਿਚ ਜੋਤਿ ਸਰੂਪ ਵਿਆਪਕ ਚੇਤਨ ਹੋਂਦ ਹੈ। ਤਦੇ ਇਹ ਪੂਰਾ ਗੁਰੂ ਹੈ ਤੇ ਜੋਤਿ ਸਰੂਪੀ ਪੂਰਨ ਬ੍ਰਹਮ ਤੱਕ ਪਹੁੰਚਾਂਦੀ ਹੈ:—

'ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ। ਸਤਿਗੁਰ ਬਾਣੀ ਪੁਰਖੁ ਪੁਰਖੋਤਮੁ ਬਾਣੀ ਸਿਉ ਚਿਤ ਲਾਵੈਗੋ॥ ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ।' (ਕਾਨੜਾ ਮ: ੪—੩੦੮)

ਅਤੇ ਤਾਂ ਹੀ ਫੁਰਮਾਇਆ ਹੈ :—

'ਜਾਗ ਸਲੋਨੜੀਏ ਬੋਲੈ ਗੁਰਬਾਣੀ ਰਾਮ।
ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ।'
(ਬਿਲਾਵਲ ਮ: ੧—੮੪੪)

### *(ਸ) ਗੁਰੂ ਹਿਰਦਾ :–*

ਗੁਰੂ ਅਰਜਨ ਦੇਵ ਜੀ ਨੇ ਗੁਰੂ-ਪਾਤਸ਼ਾਹੀਆਂ ਦੇ ਬਚਨਾਂ ਨੂੰ ਪੋਥੀ ਦੇ ਰੂਪ ਵਿਚ ਸੰਸਕਲਤ ਕਰਕੇ ਸਤਿਗੁਰਾਂ ਦੇ ਬਚਨਾਂ ਨੂੰ ਸਦਾ ਲਈ ਸੁਰਖਿਅਤ ਕਰ ਦਿਤਾ ਹੈ ਅਤੇ ਭਾਵਾਂ ਦੀ ਬੋਲੀ ਵਿਚ ਸਥੂਲ ਪੰਜਾਬੀ ਲਿਪੀ ਦੁਆਰਾ ਗੁਰੂ ਸਾਹਿਬਾਨ ਦੇ ਭਾਵਾਂ ਨੂੰ ਸਮੱਗਰ ਰੂਪ ਦੇ ਦੇਣ ਨਾਲ ਸਤਿਗੁਰੂ ਦੇ ਹਿਰਦੇ/ਆਤਮਾ ਨੂੰ ਮਾਨੋ ਰੂਪ ਧਾਰੀ ਕਰ ਦਿਤਾ ਹੈ ਜਿਸਤੋਂ ਅਸੀਂ ਜਦੋਂ ਚਾਹੀਏ ਅਗਵਾਈ ਪ੍ਰਾਪਤ ਕਰ ਸਕਦੇ ਹਾਂ। ਇਹ ਸਮੱਗਰ ਰੂਪ ਸਤਿਗੁਰਾਂ ਦੀ ਦੇਹ ਹੈ, ਤਦੇ ਫੁਰਮਾਇਆ:—

'ਪੋਥੀ ਪਰਮੇਸਰ ਕਾ ਥਾਨੁ'
(ਸਾਰੰਗ ਮ: ੫—੧੨੨੬)

ਅਤੇ

'ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ। ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਯੋ ਗ੍ਰੰਥ। ਗੁਰੂ ਗ੍ਰੰਥ ਜੀ ਮਾਨਯੋ ਪ੍ਰਗਟ ਗੁਰਾਂ ਕੀ ਦੇਹ। ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸਬਦ ਮੈਂ ਲੇਹ॥'

ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਹੀ ਭਾਈ ਨੰਦ ਲਾਲ ਜੀ ਨੂੰ ਦਸਿਆ ਸੀ :—

'ਦੂਸਰ ਰੂਪ ਗ੍ਰੰਥ ਜੀ ਜਾਣ'।

ਅਤੇ ਫੁਰਮਾਇਆ :—

'ਬਾਤ ਕਰਨ ਗੁਰ ਸਿਉਂ ਚਹੈ ਪੜ੍ਹੈ ਗ੍ਰੰਥ ਚਿਤ ਲਾਇ।'

### *੩. ਸਿੱਟਾ :–*

'ਸ਼ਬਦ' ਦੇ ਉਪਰੋਕਤ ਭਿੰਨ ਭਿੰਨ ਅਰਥ ਇਕੋ 'ਗੁਰੂ' ਪਦ ਨੂੰ ਲਖਾਉਂਦੇ ਹਨ ਅਤੇ ਆਪਸ ਵਿਚ ਅਤਿ ਨਿਕਟਤਾ ਦਾ ਸੰਬੰਧ ਰਖਦੇ ਹਨ। ਸਚੇ ਸ਼ਬਦ ਗੁਰੂ ਦੇ ਹੁੰਦਿਆਂ ਕਿਸੇ ਦੇਹ-ਧਾਰੀ ਗੁਰੂ ਦੀ ਲੋੜ ਨਹੀਂ। ਫਿਰ ਗੁਰੂ ਗੋਬਿੰਦ ਸਿੰਘ



www.AKJ.Org

## ਅਰਥ

(ਲੜੀ ਜੋੜਨ ਲਈ ਦੇਖੋ ਸਫਾ ੧੫)

੧. (ੳ) ਲਗਾਓ, ਗਯਾਨ ਸਹਿਤ ਕਰੋ

(ਅ) ਪ੍ਰਸੰਨ ਕਰਨ ਦੀ ਕ੍ਰਿਯਾ।

੨. ਸਕਾ ਭਾਈ ।

੩. ਹਥ ਜੋੜਕੇ ਬੇਨਤੀ ਅਰਦਾਸ ਕਰਨੀ ।

੪. ਧੌਣ ਅਸਮਾਨ ਤਕ ਖਿਚੀ ਗਈ, ਭਾਵ ਅਸਮਾਨ ਤਕ ਜਸ ਹੋਯਾ ।

੫. ਭੁੱਲਾ ਹੋਇਆ ਗ਼ਾਫਲ ।

੬. ਤਰਲੇ ਕਰਨੇ ।

੭. ਰਾਖੀ, ਪਹਿਰਾ ।

੮. ਚੰਚਲ । ਮੱਛੀ ਵਾਂਗ ਮਨ ਚੰਚਲ ਹੈ, ਜੁਗਤੀ ਨਾਲ ਮਨ ਨੂੰ (ਰੋਕ ਕੇ) ਰਖੀਏ ।

੯. ਆਤਮ ਜੀਵਨ, ਰੂਹਾਨੀ ਜ਼ਿੰਦਗੀ ।

੧੦. ਝਗੜਨਾ, ਬਿਰਥਾ ਬੋਲਣਾ ।

੧੧. ਨਿਰਬਾਹ ਮਾਤ੍ਰ ਗਲ ਬਾਤ।

੧੨. ਚਉਥਾ ਪਦ । ਗਯਾਨ ਦਸ਼ਾ । ਮਾਇਆ ਦੇ ਤਿੰਨ ਅਸਥਾਨ : ਰਜ, ਤਮ, ਸਤ ਤੋਂ ਪਰੇ ਬ੍ਰਹਮ ਸ੍ਵਰੂਪ ਚਉਥਾ ਸਥਾਨ ।

---

ਜੀ ਨੇ 'ਚਰਨ ਪਹੁਲ' ਦੀ ਮਰਯਾਦਾ ਤੋੜ ਕੇ ਦੇਹ-ਧਾਰੀ ਗੁਰੂ ਦੀ ਲੋੜ ਸਦਾ ਲਈ ਖਤਮ ਕਰ ਦਿਤੀ ਹੈ । ਆਪ ਜੀ ਨੇ ਇਹ ਕੰਮ ਪੰਜ ਪਿਆ-ਰਿਆਂ ਦੇ ਸਪੁਰਦ ਕੀਤਾ ਜੋ ਗੁਰੂ ਗ੍ਰੰਥ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਦੀ ਦਾਤ ਬਖਸ਼ਦੇ ਤੇ ਸਿਖਾਂ

ਦੇ ਨਾਂ 'ਸਿਖਾਂ ਦੇ ਨਾਵਾਂ ਦੀ ਪ੍ਰਵਾਨਿਤ ਸੂਚੀ' ਵਿਚ ਚੜ੍ਹਾਉਂਦੇ ਹਨ ।

ਵਧਾਵਾ ਸਿੰਘ ਐਮ. ਏ.
ਪਟਿਆਲਾ

———



www.AKJ.Org

# ਬਾਝੁ ਗੁਰੂ ਡੁਬਾ ਸੰਸਾਰੁ

ਵਲੋਂ : *ਗਿਆਨੀ ਹਰਬੰਸ ਸਿੰਘ ਜੀ*

ਵੇਖਣ ਵਿਚ ਭਾਵੇਂ ਸਾਰਾ ਸੰਸਾਰ ਹਸਦਾ ਖੇਡਦਾ,ਖਾਂਦਾ ਪੀਂਦਾ ਅਤੇ ਰੰਗ ਰਲੀਆਂ ਮਾਣਦਾ ਦ੍ਰਿਸ਼ਟੀ ਆਉਂਦਾ ਹੈ ਪਰ ਇਸ ਗਲ ਦਾ ਭੇਦ ਕੋਈ ਵਿਰਲਾ ਹੀ ਜਾਣਦਾ ਹੈ ਕਿ :-

ਫਰੀਦਾ ਪੰਖ ਪਰਾਹੁਣੀ
ਦੁਨੀ ਸੁਹਾਵਾ ਬਾਗੁ ॥
ਨਉਬਤਿ ਵਜੀ ਸੁਬਹ ਸਿਉ
ਚਲਣ ਕਾ ਕਰਿ ਸਾਜੁ ॥
(ਪੰਨਾ-੧੩੮੨)

ਮਨੁਖ ਨੇ ਇਸ ਸੰਸਾਰ ਵਿਚ ਸਦੀਵੀ ਜੀਵਣ ਲਈ ਆਸਾਂ ਬਧੀਆਂ ਹੋਈਆਂ ਹਨ। ਕੋਈ ਵਿਦਿਆ ਪੜ੍ਹ ਕੇ ਉਚੀਆਂ ਉਚੀਆਂ ਡਿਗਰੀਆਂ ਲੈਣ ਦੇ ਆਹਰ ਵਿਚ ਲਗਾ ਹੋਇਆ ਹੈ, ਕੋਈ ਲਖਪਤੀਆ ਬਣਨ ਲਈ ਵਡੇ ਵਡੇ ਹੱਟ ਖੋਲੀ ਬੈਠਾ ਹੈ, ਕੋਈ ਰਾਜ-ਗਦੀਆਂ ਪਰਾਪਤ ਕਰਨ ਦੇ ਫਿਕਰ ਵਿਚ ਦੌੜ ਭਜ ਕਰ ਰਿਹਾ ਹੈ, ਭਾਵ ਹਰ ਕੋਈ ਆਪਣੇ ਜੀਵਨ ਦਾ ਮਨੋ-ਰਥ ਕੇਵਲ ਚਹੁੰ ਗਲਾਂ ਵਿਚ ਹੀ ਸਮਝਦਾ ਹੈ :-
'ਖਾਣਾ', 'ਪੀਣਾ', 'ਹਸਣਾ' ਅਤੇ 'ਸਉਣਾ।'

ਪੰਜਵੀਂ ਗਲ ਜਿਸ ਦੀ ਚਿਤਾਵਨੀ ਨੇ ਮਨੁੱਖੀ ਜੀਵਨ ਦੀ ਉਸਾਰੀ ਕਰਨੀ ਹੈ ਨੂੰ ਵਿਸਾਰੀ ਬੈਠਾ ਹੈ। ਮਨੁੱਖ ਝੂਠ, ਠਗੀ ਚੋਰੀ, ਯਾਰੀ ਅਤੇ ਨਿੰਦਾ ਵਿਚ ਪਰਵਿਰਤ ਹੈ, ਕਿਉਂਕਿ ਇਸ ਨੂੰ ਇਹ ਚਿੰਤਾ ਨਹੀਂ ਕਿ ਏਥੇ ਕੀਤੇ ਕਰਮਾਂ ਦਾ ਫਲ ਅਗੇ ਜਾ ਕੇ ਭੁਗਤਣਾ ਪੈਂਦਾ ਹੈ। ਸੰਸਾਰ ਵਿਚ ਕੂੜ ਕੀ ਹੈ ਤੇ ਸੱਚ ਕੀ ਹੈ ਇਸ ਦੀ ਪਛਾਣ ਕਿਵੇਂ ਹੁੰਦੀ ਹੈ ?

ਇਕ ਵਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇਸ਼ ਦੇਸ਼ਾਂਤਰਾਂ ਦੀ ਯਾਤਰਾ ਕਰਦੇ ਕਰਦੇ ਇਕ ਸ਼ਹਿਰ ਵਿਚ ਬਿਰਾਜੇ। ਮਰਦਾਨੇ ਨੂੰ ਆਖਿਆ 'ਮਰਦਾਨਿਆ' ਜਾ ਸ਼ਹਿਰ ਵਿਚੋਂ 'ਕੂੜ' ਤੇ 'ਸੱਚ' ਖਰੀਦ ਕੇ ਲੈ ਆ 'ਮਰਦਾਨਾ' ਸਤ 'ਬਚਨ' ਆਖ ਕੇ ਸ਼ਹਿਰ ਵਲ ਟੁਰ ਪਿਆ। ਜਦ ਬਾਜ਼ਾਰ ਵਿਚੋਂ ਦੁਕਾਨਦਾਰਾਂ ਤੋਂ ਕੂੜ ਤੇ ਸੱਚ ਮੰਗਿਆ ਤਾਂ ਸਾਰੇ ਅਸਚਰਜ ਹੋ ਕੇ ਕਹਿਣ ਲਗੇ ਭਾਈ ਇਹ ਕੋਈ ਨਵਾਂ ਹੀ ਗਾਹਕ ਹੈ, ਏਦਾਂ ਦਾ ਸੌਦਾ ਲੈਣ ਵਾਲਾ ਗਾਹਕ ਅਜੇ ਤਕ ਅਸਾਂ ਨਹੀਂ ਵੇਖਿਆ। ਮਰਦਾਨੇ ਨੇ ਸਾਰਾ ਸ਼ਹਿਰ ਗਾਹ ਮਾਰਿਆ। ਅੰਤ ਵਿਚ ਨਿਰਾਸਾ ਹੋ ਕੇ ਪਰਤ ਆਇਆ। 'ਸਾਡੇ ਪਾਤਸ਼ਾਹ ਜੀ, ਇਹ ਸੌਦਾ ਤਾਂ ਇਸ ਸ਼ਹਿਰ ਵਿਚੋਂ ਕਿਸੇ ਹੱਟੀ ਤੋਂ ਨਹੀਂ ਮਿਲਦਾ, ਹੋਰ ਕੋਈ ਥਾਂ ਨਹੀਂ,'



www.AKJ.Org

'ਮਰਦਾਨੇ ਨੇ ਉਤਰ ਦਿਤਾ। 'ਜਾ, ਮਰਦਾਨਿਆ' ਫਿਰ ਜਾ, ਤੂੰ ਹੋਰ ਕਿਧਰੇ ਨਾ ਜਾਵੀਂ, ਭਾਈ ਮੂਲੇ ਕੋਲ ਜਾ, ਉਸ ਦੀ ਹੱਟੀ ਤੋਂ ਤੈਨੂੰ ਇਹ ਸੌਦਾ ਮਿਲੇਗਾ।' ਗੁਰੂ ਸਾਹਿਬ ਨੇ ਫੇਰ ਮਰਦਾਨੇ ਨੂੰ ਭੇਜਿਆ। ਮਰਦਾਨਾ ਗੁਰੂ ਜੀ ਦੇ ਹੁਕਮ ਦੀ ਪਾਲਨਾ ਹਿਤ ਉਸ ਸਤਵਾਨ ਪੁਰਸ਼ ਦੀ ਹੱਟੀ ਤੇ ਗਿਆ ਤੇ ਜਾ ਆਖਿਓਸ 'ਜੀ, ਮੈਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਭੇਜਿਆ ਹੈ ਤੁਹਾਡੇ ਕੋਲ, ਦੋ ਪੈਸੇ ਦਾ ਸੱਚ ਤੇ ਕੂੜ ਦਿਉ।' ਉਸ ਸਤਵਾਨ ਪੁਰਸ਼ ਨੇ ਉਤਰ ਦਿਤਾ 'ਭਾਈ ਮਰਦਾਨਾ' 'ਮਰਣਾ ਸਚ ਤੇ ਜੀਊਣਾ ਕੂੜ' ਸੌਦਾ ਲੈ ਕੇ ਆ ਗੁਰੂ ਨਾਨਕ ਦੇਵ ਜੀ ਦੀ ਚਰਨੀ ਲਗਾ ਜੀ ਗੁਰੂ ਜੀ, ਲੈ ਆਇਆ ਹਾਂ' ਸੁਣ ਮਰਦਾਨਿਆ; ਸਾਰੀ ਲੋਕਾਈ ਕੂੜ ਵਿਚ ਖਚਿਤ ਹੈ ਮਰਣਾ ਕਿਸੇ ਨੂੰ ਯਾਦ ਨਹੀਂ। ਲੋਕਾਂ ਦੇ ਮਨ, ਅੰਦਰ ਹਨੇਰਾ ਹੈ ਇਸੇ ਹਨੇਰੇ ਕਰਕੇ, ਹਨੇਰੇ ਵਿਚ ਪਏ ਹੋਏ ਹਨ। ਇਕ ਆਦਮੀ ਦੀ ਗਲ ਨਹੀਂ ਇਸ ਤਰ੍ਹਾਂ ਸਾਰੀ ਸ੍ਰਿਸ਼ਟੀ ਹੀ ਗੁਰੂ ਤੋਂ ਬਿਨਾ ਲੁਟੀ ਜਾ ਰਹੀ ਹੈ :-

ਇਕਸੁ ਦੁਹੁ ਚਹੁ ਕਿਆ ਗਣੀ
ਸਭਿ ਇਕਤੁ ਸਾਦਿ ਮੁਠੀ।
ਇਕੁ ਅਧੁ ਨਾਇ ਰਸੀਅੜਾ
ਕਾ ਵਿਰਲੀ ਜਾਇ ਵੁਠੀ।

[ਪੰਨਾ-੨੧੮]

ਸਾਰੀ ਲੁਕਾਈ ਹੀ ਮਾਇਆ ਦੀ ਮਮਤਾ ਵਿਚ ਫਸੀ ਪਈ ਹੈ :-

ਮਾਇਆ ਮਨਹੁ ਨਾ ਵੀਸਰੈ
ਮਾਂਗੈ ਦੰਮਾ ਦੰਮ।
ਸੋ ਪ੍ਰਭੂ ਚਿਤਿ ਨ ਆਵਈ
ਨਾਨਕ ਨਹੀਂ ਕਰੰਮਿ ॥

[ਪੰਨਾ-੧੪੨੬]

ਮਾਇਆ ਚੇਤੇ ਹੈ; ਮਾਇਆ ਦਾ ਦੇਣ ਵਾਲਾ ਚੇਤੇ ਨਹੀਂ ਕਿਉਂਕਿ ਇਸ ਜੀਵ ਤੇ ਮਾਇਆ ਦਾ ਐਨਾ ਪਰਭਾਵ ਹੈ ਕਿ ਇਸ ਨੂੰ ਹੋਰ ਕੁਝ ਸੁਝਦਾ ਬੁਝਦਾ ਹੀ ਨਹੀਂ :-

ਦਾਤਿ ਪਿਆਰੀ ਵਿਸਰਿਆ ਦਾਤਾਰਾ।
ਜਾਣੈ ਨਾਹੀ ਮਰਣੁ ਵਿਚਾਰਾ।

(ਪੰਨਾ ੬੭੬)

ਜਿਥੇ ਹਿਰਦੇ ਰੂਪੀ ਸੇਜਾ ਉਤੇ ਵਾਹਿਗੁਰੂ ਜੀ ਨੇ ਬਿਰਾਜਮਾਨ ਹੋਣਾ ਹੈ, ਮਾਇਆ ਨੇ ਵੇੜਿਆ ਹੋਇਆ ਹੈ। ਰਸਾਂ ਕਸਾਂ ਨਾਲ ਹੀ ਸਾਰੀ ਥਾਂ ਰੁਕੀ ਪਈ ਹੈ, ਨਾਮ ਦਾ ਨਿਵਾਸ ਕਿਥੋਂ ਹੋਵੇ ?

ਰਸੁ ਸੁਇਨਾ, ਰਸ ਰੁਪਾ, ਕਾਮਣਿ
ਰਸੁ, ਪਰਮ ਕੀ ਵਾਸੁ ॥ ਰਸੁ ਘੋੜੇ,
ਰਸੁ ਸੇਜਾ, ਮੰਦਰ ਰਸੁ, ਮੀਠਾ ਰਸੁ
ਮਾਸੁ ॥ ਏਤੇ ਰਸ ਸਰੀਰ ਕੇ,
ਕੈ ਘਟਿ ਨਾਮ ਨਿਵਾਸ ॥

(ਪੰਨਾ ੧੫)

ਵਾਹਿਗੁਰੂ ਜੀ 'ਆਦਿ ਸਚੁ, ਜੁਗਾਦਿ ਸਚੁ, ਹੈਭੀ ਸਚੁ, ਨਾਨਕ ਹੋਸੀ ਭੀ ਸਚੁ' ਹਨ, ਇਸ ਲਈ ਉਨ੍ਹਾਂ ਨੂੰ ਕੇਵਲ ਸਚ ਹੀ ਚੰਗਾ ਲਗਦਾ ਹੈ। ਜਿਵੇਂ ਸ਼ੇਰਨੀ ਦਾ ਦੁਧ ਲੋਹੇ ਦੇ ਭਾਂਡੇ ਬਿਨਾਂ ਨਹੀਂ ਟਿਕ ਸਕਦਾ, ਤਿਵੇਂ ਵਾਹਿਗੁਰੂ ਜੀ ਵੀ ਸਤ ਦੀ ਸੇਜ ਬਿਨਾ ਕਿਸੇ ਥਾਂ ਬਿਸਰਾਮ ਨਹੀਂ



www.AKJ.Org

ਕਰ ਸਕਦੇ। ਇਹ ਇਕ ਸਾਧਾਰਨ ਜਿਹੀ ਗਲ ਹੈ ਜੇ ਅਸੀਂ ਆਪਣੇ ਮਹਿਮਾਨ ਨੂੰ ਗੰਦੀ ਥਾਂ ਤੇ ਬਿਸਰਾਮ ਕਰਾਈਏ ਤਾਂ ਉਨ੍ਹੇ ਉਥੇ ਕੀ ਠਹਿਰਨਾ ਹੈ। ਇਕ ਮਨੁਖ ਗੰਦਗੀ ਨੂੰ ਪਸੰਦ ਨਹੀਂ ਕਰਦਾ, ਨੱਕ ਅਗੇ ਰੁਮਾਲ ਰਖ ਲੈਂਦਾ ਹੈ, ਜਿਹੜੀ ਐਡੀ ਪੁਨੀਤ ਤੇ ਪਵਿਤਰ ਹਸਤੀ ਹੈ, ਉਹ ਕੂੜ ਨਾਲ ਲਿਬੜੀ ਹੋਈ ਸੇਜਾ ਤੇ ਕਿਵੇਂ ਬਿਰਾਜ ਸਕਦੀ ਹੈ।

ਅਸਲ ਵਿਚ ਅਸੀਂ ਆਪਣਾ ਸਚਾ ਘਰ, ਜਿਥੇ ਜਾ ਕੇ ਵਰਤਣ ਵਲੇਵਾ ਕਰਨਾ ਹੈ, ਭੁਲੀ ਬੈਠੇ ਹਾਂ, ਜਿਸ ਘਰ ਵਿਚ ਰਹਿਣ ਦਾ ਕੋਈ ਭਰੋਸਾ ਹੀ ਨਹੀਂ, ਉਸ ਦੀ ਚਿੰਤਾ ਵਿਚ ਵਿਅਰਥ ਪਏ ਹੋਏ ਹਾਂ :—

ਜੋ ਘਰਿ ਛਡਿ ਗਵਾਵਣਾ, ਸੋ ਲਗਾ ਮਨ ਮਾਹਿ ॥
ਜਿਥੈ ਜਾਇ ਤੁਧੁ ਵਰਤਣਾ, ਤਿਸ ਕੀ ਚਿੰਤਾ ਨਾਹਿ।
ਫਾਥੇ ਸੇਈ ਨਿਕਲੇ, ਜਿ ਗੁਰ ਕੀ ਪੈਰੀ ਪਾਹਿ ॥
(ਪੰਨਾ—੪੩)

ਇਸ ਸਾਰੀ ਅਗਿਆਨਤਾ ਦਾ ਕਾਰਨ ਇਹ ਹੈ ਕਿ ਅਸੀਂ ਆਪਣੇ ਮੂਲ ਵਲ ਧਿਆਨ ਨਹੀਂ ਦਿਤਾ। ਗੁਰਬਾਣੀ ਵਿਚ ਇਕ ਬੜਾ ਸੁੰਦਰ ਪ੍ਰਸ਼ਨ ਸਤਿਗੁਰੂ ਜੀ ਨੇ ਇਸ ਮਨੁੱਖ ਤੋਂ ਪੁਛਿਆ ਹੈ :—

'ਸੁਨਹੁ ਰੇ ਤੂੰ ਕਉਨੁ ਕਹਾ ਤੇ ਆਇਓ ॥
ਏਤੀ ਨ ਜਾਨਉ ਕੇਤੀਕ ਮੁਦਤਿ,
ਚਲਤੇ ਖਬਰਿ ਨ ਪਾਇਓ ॥
(ਪੰਨਾ—੯੯੯)

ਜਿਸ ਨੂੰ ਆਪਣੇ ਆਪ ਦਾ ਹੀ ਪਤਾ ਨਹੀਂ ਕਿ ਓਹ ਕੌਣ ਹੈ ਤੇ ਕਿਥੋਂ ਆਇਆ ਹੈ। ਆਪਣੇ ਪੰਧ ਦਾ ਹੀ ਪਤਾ ਨਹੀਂ ਕਿ ਕਿਤਨੀ ਕੁ ਮੁਦਤ ਫਿਰਦਾ ਰਿਹਾ ਸੀ ਤੇ ਕਿਸ ਦੀ ਕਿਰਪਾ ਨਾਲ ਇਹ ਮਨੁਖੀ ਚੋਲਾ ਮਿਲਿਆ ਹੈ। ਉਹ ਜੀਵ ਸਤ ਵਸਤੂ ਦੀ ਕਮਾਈ ਕਿਵੇਂ ਕਰ ਸਕਦਾ ਹੈ? ਸਤਿਗੁਰੂ ਜੀ ਨੇ ਬੜੇ ਵਿਸਥਾਰ ਨਾਲ ਇਸ ਮਨੁਖ ਦੀ ਉਮਰ ਦੇ ਦਸ ਅਮੋਲਕ ਭਾਗਾਂ ਦੀ ਵੰਡ ਕੀਤੀ ਹੈ ਤੇ ਦਸਿਆ ਹੈ ਕਿ ਕਿਵੇਂ ਗੁਰੂ ਤੋਂ ਬਿਨਾ ਇਹ ਜੀਵ ਡੁਬ ਰਿਹਾ ਹੈ।

ਪ੍ਰਮਾਣ ਵਜੋਂ :—

ਮਾਤਾ ਪਿਤਾ ਬੜੇ ਚਾਅ ਤੇ ਸਧਰਾਂ ਨਾਲ ਛੋਟੇ ਜਿਹੇ ਬਾਲਕ ਨੂੰ ਬਾਜ਼ਾਰ ਲੈ ਟੁਰੇ। ਪਿਆਰਦੇ ਤੇ ਪੁਚਕਾਰਦੇ ਜਦ ਹਲਵਾਈ ਦੀ ਦੁਕਾਨ ਕੋਲੋਂ ਲੰਘੇ ਤਾਂ ਬਚੇ ਨੇ ਝਟ ਆਪਣੀ ਸੈਨਤ ਚਿੱਟੀ ਦੁਧ ਬਰਫੀ ਵਲ ਕਰ ਦਿਤੀ ਜਿਸ ਨੂੰ ਚਾਂਦੀ ਦੇ ਚਿੱਟੇ ਵਰਕ ਲਗੇ ਹੋਏ ਸਨ। 'ਲਾਲ ਜੀ ਤੁਸੀਂ ਹੁਣੇ ਹੀ ਤਾਂ ਦੁਧ ਪੀਤਾ ਏ, ਕੀ ਕਰਨਾ ਏ ਬਰਫੀ ਨੂੰ ? ਬਰਫੀ ਬੋਝਲ ਹੁੰਦੀ ਏ,' ਮਾਤਾ ਨੇ ਪਿਆਰ ਨਾਲ ਆਖਿਆ। ਬਾਲਕ ਨੇ ਊਂ ਊਂ ਕੀਤੀ। ਛੇਤੀ ਨਾਲ ਮਾਂ ਨੇ ਆਖਿਆ 'ਨ ਰੋਵੋ ਮੇਰੇ ਸੁਹਣੇ—ਜੇਬ ਵਿਚੋਂ ਪੈਸੇ ਕਢੇ ਤੇ ਹਲਵਾਈ ਨੂੰ ਕਿਹਾ 'ਜੀ, ਇਕ ਆਨੇ ਦੀ ਚਿੱਟੀ ਬਰਫੀ ਦਿਓ।' ਬਾਲਕ ਬਰਫੀ ਨੂੰ ਵੇਖ ਵੇਖ ਹਸਣ ਲਗਾ। ਕੁਝ ਖਾਧੀ ਤੇ ਕੁਝ ਮਾਂ ਦੇ ਹਥ ਫੜਾ ਦਿਤੀ। ਪਿਤਾ ਨੇ ਅਜੇ ਕਦਮ ਪੁਟਿਆ ਹੀ ਸੀ ਕਿ ਮਨਿਆਰੀ ਦੀ ਦੁਆਨ ਤੋਂ ਕੁਝ ਘਰੋਗੀ ਵਸਤਾਂ ਲੈਣ ਲਈ ਅਟਕਣਾ ਪਿਆ। ਭਾਂਤ ਭਾਂਤ ਦੀਆਂ ਬਹੁਮੁਲੀਆਂ ਵਸਤਾਂ ਬੜੇ ਸੁਚਜੇ ਢੰਗ ਨਾਲ ਸਜਾਈਆਂ ਪਈਆਂ ਸਨ। ਗਾਹਕਾਂ



www.AKJ.Org

ਦੀ ਵੀ ਬੜੀ ਭੀੜ ਸੀ। 'ਚਲੋ ਹੁਣ ਘਰ ਚਲੀਏ ਘਰ ਲਈ ਚੀਜ਼ਾਂ ਫਿਰ ਲੈ ਲਵਾਂਗੇ, ਸਰਦਾਰ ਜੀ ਨੇ ਆਖਿਆ।

ਟੁਰਨ ਲਗੇ ਬਾਲਕ ਨੇ ਆਪਣਾ ਹੱਥ ਮਾਤਾ ਜੀ ਦੀ ਜੇਬ ਵਲ ਖੜਿਆ। 'ਕੀ ਲੈਂਦੇ ਹੋ ਚੰਨ ਜੀ, ਮਾਤਾ ਨੇ ਹਸਦੇ ਹੋਏ ਬਾਲਕ ਤੋਂ ਪੁਛਿਆ, ਬਾਲਕ ਕੀ ਦਸਦਾ! ਮਾਂ ਨੇ ਰੋਂਦੇ ਹੋਏ ਬਾਲ ਨੂੰ ਚੁਪ ਕਰਾਉਣ ਲਈ ਛਣ ਛਣ ਕਰਦਾ ਚਾਬੀਆਂ ਦਾ ਗੁਛਾ ਫੜਾ ਦਿਤਾ। ਆਹ ਲੈ ਮੇਰੇ ਲਾਲ। ਬਾਲਕ ਨੇ ਫਿਰ ਅੜੀ ਕੀਤੀ। ਮਾਤਾ ਨੇ ਇਹ ਸਮਝਿਆ, ਮਤਾਂ ਪੈਸੇ ਫੜਾਉਣ ਨਾਲ ਬਹੁਤ ਖੁਸ਼ ਹੁੰਦਾ ਹੋਵੇਗਾ। ਪੈਸਿਆਂ ਵਾਲਾ ਬਟੂਆ ਝਟ ਫੜਾ ਦਿਤਾ' ਬਾਲਕ ਨੇ ਫਿਰ ਵੀ ਚੁਪ ਨਾ ਕੀਤੀ। 'ਕਿਉਂ ਜੀ ਇਹ ਫਿਰ ਕੀ ਲੈਂਦਾ ਏ? ਮਾਂ ਨੇ ਖਿਝਦੇ ਹੋਏ ਸਰਦਾਰ ਜੀ ਤੋਂ ਪੁਛਿਆ। ਭਲੀਏ ਲੋਕੇ ਇਸ ਨੇ ਇਸ ਤਰ੍ਹਾਂ ਚੁਪ ਨਹੀਂ ਕਰਨੀ, ਇਸ ਨੂੰ ਇਕ ਆਨੇ ਦਾ ਖਿਡੌਣਾ ਲੈ ਦਿਉ, ਸਰਦਾਰ ਜੀ ਨੇ ਸਮਝਾਇਆ।

ਜਦ ਕੁਝ ਭੀੜ ਘਟ ਗਈ ਤਾਂ ਦੁਕਾਨ ਅੰਦਰ ਲਿਸ਼ ਲਿਸ਼ ਕਰਦੀਆਂ ਵਸਤਾਂ ਨੂੰ ਬਚੇ ਨੇ ਵੇਖਿਆ। ਵੇਖਣ ਦੀ ਦਿਲ ਸੀ। ਰੰਗ ਬਰੰਗੀਆਂ ਚੀਜ਼ਾਂ ਨੂੰ ਬਚਾ ਬੜਾ ਪਿਆਰ ਕਰਦਾ ਏ। ਆਪਣੇ ਆਪ ਹੀ ਹਸਣਾ ਅਰੰਭ ਦਿਤਾ। ਕਦੇ ਇਕ ਚੀਜ਼ ਵਲ ਕਦੇ ਦੂਜੀ ਚੀਜ਼ ਵਲ ਬਚੇ ਨੇ ਆਪਣੀ ਉਂਗਲੀ ਕੀਤੀ। ਮਾਤਾ ਨੇ ਭਾਂਪ ਲਿਆ ਕਿ ਬਚਾ ਖਿਡਾਉਣੇ ਚਾਹੁੰਦਾ ਏ। 'ਭਾਈ ਜੀ, ਇਕ ਸੀਟੀ, ਇਕ ਛਣਕਣਾ ਤੇ ਗੇਂਦ ਬਲਾ ਦਿਓ। ਸਰਦਾਰ ਜੀ ਨੇ ਹਟੀ ਵਾਲੇ ਨੂੰ ਆਖਿਆ। ਬਸ ਖਿਡਾਉਣੇ ਫੜਾਉਣ ਦੀ ਦਿਲ ਸੀ, ਬਾਲਕ ਵਿਲਚ ਗਿਆ।

ਸ਼ਾਮਾਂ ਪੈ ਗਈਆਂ। ਬਾਜ਼ਾਰ 'ਚੋਂ ਫਿਰ ਟੁਰ ਕੇ ਵਾਪਸ ਘਰ ਪਰਤ ਆਏ। ਡੁਢੂ... ਡੁਢੂ...। 'ਜੀ. ਬਾਲਕ ਨੂੰ ਭੁਖ ਲਗੀ ਹੋਣੀ ਏ। ਬਚੇ ਦੇ ਜ਼ੋਰ ਨਾਲ ਘਘਿਆਉਣ ਦੀ ਆਵਾਜ਼ ਸੁਣ ਕੇ ਮਾਤਾ ਛੇਤੀ ਨਾਲ ਦੌੜਦੀ ਆਈ। ਆਪਣੀ ਗੋਦ ਵਿਚ ਲੈ ਲਿਆ। ਮੂੰਹ ਨੂੰ ਚੁੰਮਿਆ ਦੁਧ ਪਿਆਉਣ ਦੀ ਦਿਲ ਸੀ ਕਿ ਬਾਲਕ ਤ੍ਰਿਪਤ ਹੋ ਗਿਆ। ਕਿਉਂ ਬਾਲਕ ਦਾ ਆਧਾਰ ਜੁ ਦੁਧ ਹੋਇਆ :—

ਖੀਰ ਅਧਾਰਿ ਬਾਰਿਕ ਜਬ ਹੋਤਾ
ਬਿਨ ਖੀਰੈ ਰਹਿਨੁ ਨ ਜਾਈ।
ਸਾਰਿ ਸਮਾਲਿ ਮਾਤਾ ਮੁਖਿ ਨੀਰੈ
ਤਬ ਓਹੁ ਤ੍ਰਿਪਤਿ ਅਘਾਈ।
(ਪੰਨਾ ੧੨੬੬)

ਦੁਧ ਦੇ ਆਧਾਰ ਨਾਲ ਰਾਤ ਸੁਖ ਨਾਲ ਸੁਤਿਆਂ ਲੰਘ ਗਈ। ਭਲਕੇ ਉਠਦੇ ਹੀ ਬਾਲਕ ਦਾ ਫਿਰ ਉਹੋ ਹਾਲ। ਫਿਰ ਉਸੇ ਤਰ੍ਹਾਂ ਰੋਣਾ, ਓਸ ਨੂੰ ਚੁਪ ਕਰਾਉਣ ਲਈ, ਓਹੋ ਦੁਧ ਤੇ ਓਹੋ ਖਿਡਾਉਣੇ, ਓਹੋ ਭਾਈਆ ਭਾਬੀ ਤੇ ਬੇਬੇ। ਇਸ ਸਾਰੀ ਅਗਿਆਨਤਾ ਨੂੰ ਵੇਖ ਕੇ ਸਤਿਗੁਰੂ ਜੀ ਨੇ ਮਨੁਖੀ ਜੀਵਨ ਦੀ ਬੜੀ ਦਰਦਨਾਕ ਤਸਵੀਰ ਖਿਚੀ ਹੈ :—

ਪਹਿਲੈ ਪਿਆਰਿ ਲਗਾ ਥਣ ਦੁਧ॥
ਦੂਜੈ ਮਾਇ ਬਾਪ ਕੀ ਸੁਧਿ॥
ਤੀਜੈ ਭਯਾ ਭਾਬੀ ਬੇਬ॥



www.AKJ.Org

ਚਉਥੈ ਪਿਆਰਿ ਉਪੰਨੀ ਖੇਡ ॥
(ਪੰਨਾ-੧੩੭)

ਉਪਰੋਕਤ ਚਾਰ ਅਵਸਥਾਂ ਟਪਣ ਤੋਂ ਉਪਰੰਤ ਇਸ ਬਾਲਕ ਨੇ ਖਾਣ ਪੀਣ ਦੀਆਂ ਚੀਜ਼ਾਂ ਨਾਲ ਪਿਆਰ ਕਰਨਾ ਅਰੰਭ ਦਿਤਾ। ਜੀਭ ਦੇ ਚਸਕਿਆਂ ਵਿਚ ਫਸ ਗਿਆ।

ਪੰਜਵੈ ਖਾਣ ਪੀਅਣ ਕੀ ਜਾਤੁ ।
ਛਿਵੈ ਕਾਮੁ ਨ ਪੁਛੈ ਜਾਤਿ ॥

ਖਾਣ ਪੀਣ ਨਾਲ ਇਹ ਰਿਸ਼ਟ ਪੁਸ਼ਟ ਬਣ ਗਿਆ ਤਾਂ ਕਾਮ ਰੂਪੀ ਮਲੀਨ ਵਾਸ਼ਨਾਵਾਂ ਨੇ ਇਸ ਨੂੰ ਆਪਣੇ ਫੰਧੇ ਵਿਚ ਫਸਾ ਲਿਆ। ਇਸ ਨੂੰ ਚੰਗੇ ਮੰਦੇ ਦੀ ਵਿਚਾਰ ਭੀ ਨਹੀਂ ਰਹੀ। ਇਸ ਦੀ ਇਹ ਦਸ਼ਾ ਵੇਖ ਕੇ ਮਾਤਾ ਪਿਤਾ ਨੂੰ ਇਸ ਦਾ ਵਿਆਹ ਕਰਨ ਦਾ ਫਿਕਰ ਪੈ ਗਿਆ। ਭਗਤ ਜੀ ਨੇ ਲਿਖਿਆ ਹੈ ਕਿ :—

ਉਛਲਿਆ ਕਾਮੁ ਕਾਲ ਮਤਿ ਲਾਗੀ
ਤਉ ਆਨ ਸਕੀਨ ਗਲ ਬਾਂਧਿਆ ।
(ਪੰਨਾ ੯੩)

ਵਿਆਹ ਮਗਰੋਂ ਹੀ ਬਾਲਕ ਬੁਧੀ ਦਾ ਭੋਗ ਪੈ ਹੀ ਗਿਆ। ਨਹੀਂ ! ਨਹੀਂ, ਉਹ ਤ੍ਰਿਸ਼ਨਾ (ਭੁਖ) ਬਾਲਕ ਦੀ ਸੂਰਤਿ ਵਿਚੋਂ ਅਜੇ ਨਹੀਂ ਨਿਕਲੀ। ਸਗੋਂ ਹੋਰ ਵਧੇਰੇ ਉਸ ਵਿਚ ਫਸ ਗਿਆ। ਫ਼ਰਕ ਸਿਰਫ ਇਤਨਾ ਹੀ ਪਿਆ ਕਿ ਜਵਾਨੀ ਦੀ ਭੁਖ ਨੇ ਨਵਾਂ ਰੂਪ ਧਾਰਨ ਕਰ ਲਿਆ। ਹੁਣ ਇਸ ਨੂੰ ਬਾਲਕ ਕੋਈ ਨਹੀਂ ਆਖਦਾ। ਸਾਰੇ ਗਭਰੂ ਆਖਣ ਲਗ ਪਏ। ਇਸ ਗਭਰੂ ਦੀ ਸੁਰਤਿ ਕੋਹਲੂ ਦੇ ਬੈਲ ਵਾਂਗ ਮੁੜ ਮੁੜ ਉਥੇ ਗੇੜਾ ਕਟਦੀ ਹੈ; ਜਿਥੇ ਜੰਮਦਿਆਂ ਲਈ ਸੀ। ਭਗਤ ਜੀ ਨੇ ਬੜੇ ਵਿਅੰਗ ਨਾਲ ਸਮਝਾਇਆ ਹੈ :—

ਜਹ ਕੀ ਉਪਜੀ ਤਹ ਰਚੀ
ਪੀਵਤ ਮਰਦਨ ਲਾਗ। (ਪੰਨਾ-੩੭)

ਹੁਣ ਸਤਵੀਂ ਅਵਸਥਾ ਵਿਚ ਧਨ ਬਥੇਰਾ ਇਕਠਾ ਹੋ ਗਿਆ, ਆਪਣਾ ਮਕਾਨ ਪਾ ਲਿਆ, 'ਸਤਵੈ ਸੇਜਿ ਕੀਆ ਘਰ ਵਾਸੁ।' ਅਠਵੀਂ ਅਵਸਥਾ ਵਿਚ ਕਰੋਧ ਵਧ ਗਿਆ ਤੇ ਸਰੀਰ ਦਾ ਨਾਸ਼ ਹੋ ਗਿਆ। ਭਾਵ ਕਮਜ਼ੋਰ ਹੋ ਗਿਆ। ਇਸ ਅਵਸਥਾ ਵਿਚ ਆ ਕੇ ਮਨੁਖ ਦੇ ਸੁਭਾਅ ਵਿਚ ਤਬਦੀਲੀ ਆ ਗਈ। ਇਹ ਆਪਣੇ ਸੰਬੰਧੀਆਂ ਜਾਂ ਬਚਿਆਂ ਨੂੰ ਜਦ ਆਖਦਾ ਏ ਇਹ ਕੰਮ ਇਸ ਤਰ੍ਹਾਂ ਕਰੋ ਤਾਂ ਇਸ ਬਾਬੇ ਦੀ ਗਲ ਵਲ ਕੋਈ ਕੰਨ ਨਹੀਂ ਧਰਦਾ। ਮਨੁਖ ਦਾ ਇਹ ਕੁਦਰਤੀ ਸੁਭਾਅ ਏ ਜਦ ਇਸ ਗਲ ਵਲ ਕੋਈ ਧਿਆਨ ਨਾ ਦੇਵੇ ਤਾਂ ਇਹ ਬੜਾ ਖਿਝਦਾ ਏ, ਖਿਝਦਾ ਹੀ ਨਹੀਂ; ਸਗੋਂ ਰੁਸ ਜਾਂਦਾ ਏ। ਜੇ ਦੋ ਚਾਰ ਗਲਾਂ ਹੋਰ ਉਤੇ ਥਲੇ ਪਰਤੋ ਤਾਂ ਕਰੋਧ ਨਾਲ ਸੁਜ ਕੇ ਅਗ ਭੜੋਲਾ ਹੋ ਜਾਂਦਾ ਹੈ। ਗੁਰਬਾਣੀ ਵਿਚ ਲਿਖਿਆ ਹੈ ਕਿ :—

ਬੁਰਾ ਕਰੇ ਸੁ ਕੇਹਾ ਸਿਝੈ।
ਆਪਣੈ ਰੋਹਿ ਆਪੇ ਹੀ ਦਝੈ।
(ਪੰਨਾ ੧੪੧੮)

ਇਸ ਤਰ੍ਹਾਂ ਇਹ ਅਠਵੀਂ ਅਵਸਥਾ ਵਿਚ 'ਅਠਵੈਂ ਕਰੋਧ ਹੋਆ ਤਨ ਨਾਸ' ਆਪਣੇ ਗੁਸੇ ਨਾਲ ਸਰੀਰ ਦੀ ਪਟੀ ਮੇਸ ਕਰ ਲੈਂਦਾ ਹੈ। ਨਉਵੀਂ ਅਵਸਥਾ ਬੜੀ ਡਰਾਉਣੀ ਜਿਹੀ ਹੈ। ਬਾਬੇ ਦੀ ਗਲ ਸੁਣਨੀ ਜਾਂ ਮੰਨਣੀ ਤਾਂ ਇਕ



www.AKJ.Org

ਪਾਸੇ ਰਹੀ ਇਹ ਘਰ ਵਿਚ ਬੈਠਾ ਹੀ ਸੁਖਾਉਂਦਾ ਨਹੀਂ । ਸਾਰੇ ਇਹ ਸਮਝਦੇ ਹਨ ਕਿ ਇਸ ਬੁਢੇ ਦੀ ਕੀ ਗਲ ਹੈ, ਇਸ ਦਾ ਦਿਮਾਗ ਠੀਕ ਨਹੀਂ ਇਹ ਤਾਂ ਸਤਰਿਆ ਬਹਤਰਿਆ ਗਿਆ ਹੈ । ਇਹ ਸੰਸਾਰ ਚਾਲ ਹੈ ਕਿ ਜਦ ਤਕ ਇਹ ਸਰੀਰ ਤਕੜਾ ਤਿਆਰ ਹੈ ਮਾਇਆ ਖਟ ਕੇ ਸਬੰਧੀਆਂ ਮਿਤਰਾਂ ਨੂੰ ਖਿਲਾ ਪਿਲਾ ਸਕਦਾ ਹੈ, ਤਦ ਤੋੜੀ ਗੂੜ੍ਹਾ ਸਬੰਧ ਹੈ, ਨਹੀਂ ਤਾਂ ਮੂੰਹੋਂ ਗੰਦ ਹੀ ਬੋਲਦੇ ਹਨ । ਗੁਰੂ ਸਾਹਿਬ ਨੇ ਮਨ ਨੂੰ ਇਸ ਤਰਾਂ ਸਮਝਾਇਆ ਹੈ—

ਜੋ ਸੰਸਾਰੇ ਕੇ ਕੁਟੰਬ ਮਿਤਰ
ਭਾਈ ਦੀਸਹਿ ਮਨ ਮੇਰੇ
ਤੇ ਸਭ ਅਪਨੇ ਸੁਆਇ
ਆਇ ਮਿਲਾਸਾ ।
ਜਿਤ ਦਿਨ ਇਨਿ ਕਾ
ਸੁਆਉ ਹੋਇ ਨਾ ਆਵੈ
ਤਿਤੁ ਦਿਨੁ ਨੇੜੇ ਕੋ ਨ ਢੁਕਾਸਾ ।

(ਪੰਨਾ-੮੬੦)

ਭਾਵ ਸਾਰੇ ਸਾਕ ਸਬੰਧ ਅਪਸੁਆਰਥੀ ਹਨ ਇਸ ਲਈ ਤੂੰ ਵਾਹਿਗੁਰੂ ਜੀ ਉਪਰ ਭਰੋਸਾ ਰਖ ਜੇਹੜਾ ਤੇਰਾ ਅੰਤ ਸਮੇਂ ਸਹਾਈ ਹੋਵੇਗਾ ।

ਨੌਵੀਂ ਅਵਸਥਾ 'ਨਾਵੈ ਧਉਲੇ ਉਭੇ ਸਾਹੀ' ਵਿਚ ਇਸ ਦੇ ਕੇਸ ਚਿਟੇ ਹੋ ਜਾਂਦੇ ਹਨ ਤੇ ਉਭ ਸਾਹ ਲੈਂਦਾ ਹੈ । ਪਰ ਇਸ ਦੀ ਤਰਿਸ਼ਨਾ ਅਜੇ ਭੀ ਨਹੀਂ ਮੁਕਦੀ । ਭਗਤ ਜੀ ਦਸਦੇ ਹਨ ਕਿ ਇਸ ਮਨੁਖ ਦੇ ਕੇਸ ਜਦ ਚਿਟੇ ਹੋ ਜਾਂਦੇ ਹਨ ਕੰਨਾਂ ਤੋਂ ਬੋਲਾ ਹੋ ਜਾਂਦਾ ਹੈ, ਅਖਾਂ ਵਿਚ ਜੋਤਿ ਘਟ ਜਾਂਦੀ ਹੈ, ਬੁਧੀ ਵੀ ਨਹੀਂ ਰਹਿੰਦੀ, ਸਰੀਰ ਦਾ ਬਲ ਵੀ ਚਲਾ ਜਾਂਦਾ ਹੈ ਪਰ ਕਾਮ ਦਾ ਉਸ ਵੇਲੇ ਰੇੜਕਾ ਪੈਂਦਾ ਹੈ ।

ਪੁੰਡਰ ਕੇਸ ਕੁਸਮ ਤੇ ਧਉਲੇ
ਸਪਤ ਪਤਾਲ ਕੀ ਬਾਣੀ ।
ਲੋਚਨ ਸ੍ਰਮਹਿ ਬੁਧਿ ਬਲ ਨਾਠੀ
ਤਾ ਕਾਮੁ ਪਵਸਿ ਮਾਧਾਣੀ ।

(ਪੰਨਾ ੯੩)

ਕਾਮ ਕੀ ਹਰੇਕ ਚੀਜ਼ ਕਮਜ਼ੋਰ ਵੇਖ ਕੇ ਆਪਣਾ ਬਲ ਪਾ ਲੈਂਦੀ ਹੈ । ਦਸਵੀਂ ਅਵਸਥਾ ਵਿਚ ਤਾਂ ਇਹ ਸਰੀਰ ਸੜ ਕੇ ਸੁਆਹ ਹੋ ਜਾਂਦਾ ਹੈ 'ਦਸਵੇਂ ਦਧਾ ਹੋਆ ਸੁਆਹ' । ਇਸ ਤੋਂ ਉਪਰੰਤ ਇਸ ਜੀਵ ਦੀ ਅਵਸਥਾ ਦਾ ਇਉਂ ਵਰਨਣ ਕੀਤਾ ਗਿਆ ਹੈ—

(ਚਲਦਾ)



www.AKJ.Org

# ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ ।

*ਵਲੋਂ : ਪ੍ਰੋ: ਹਰਬੰਸ ਸਿੰਘ ਜੀ*

'ਸਹੀਆ ਸੇ ਸੋਹਾਗਣੀ, ਜਿਨ ਸਹਿ ਨਾਲਿ ਪਿਆਰ ਜੀਉ' ਜਿਨ੍ਹਾਂ ਜੀਵ ਰੂਪੀ ਇਸਤਰੀਆਂ ਦਾ ਸਹੁ ਨਾਲ ਪਿਆਰ ਹੈ ਉਹ ਸੁਹਾਗਣੀਆਂ ਹਨ । ਸਖੀਆਂ ਤੇ ਬੇਅੰਤ ਹਨ ਜਿਹੜੀਆਂ ਕਹਿੰਦੀਆਂ ਹਨ ਕਿ ਅਸੀਂ ਸਹੁ ਨੂੰ ਪਿਆਰ ਕਰਦੀਆਂ ਹਾਂ ਪਰ ਅਨੰਦ ਮੰਗਲ ਉਹੋ ਹੀ ਮਾਣ-ਦੀਆਂ ਹਨ ਜਿਹਨਾਂ ਤੇ ਪ੍ਰਭੂ ਕ੍ਰਿਪਾਲੂ ਦੀ ਮਿਹਰ ਦੀ ਨਦਰ ਹੁੰਦੀ ਹੈ। ਉਹਨਾਂ ਦੇ ਹੀ ਹਿਰਦੇ ਰੂਪੀ ਸੇਜਾ ਵਿਚ ਆਡੰਬਰ ਬਣਦਾ ਹੈ ਜਦੋਂ ਜੀਵ-ਆਤਮਾ ਪਰਮ-ਆਤਮਾ (ਪ੍ਰਮਾਤਮਾ) ਨਾਲ ਮਿਲ ਕੇ ਭੋਗ ਕਰਦੀ ਹੈ । ਉਹੋ ਹੀ ਸੁਹਾਗਣਾਂ ਹਨ ਜਿਹੜੀਆਂ ਪਿਰ ਨੂੰ ਭਾਉਂਦੀਆਂ ਹਨ ਤੇ ਬਸ ਉਹੋ ਹੀ ਸਹੁ ਦੀ ਸੇਜ ਮਾਣਦੀਆਂ ਹਨ ਤੇ ਆਤਮ ਭੋਗ ਕਰਦੀਆਂ ਹਨ ।

"ਜੋ ਪਿਰ ਭਾਵੈ ਸਾ ਸੋਹਾਗਣਿ,
ਸਾਈ ਪਿਰ ਕਉ ਮਿਲੈ ਸਿਆਣੀ ।
(ਵਡਹੰਸ ਮ: ੪)

ਸਾਈ ਸੁਹਾਗਣਿ ਸਾਈ ਭਾਗਣ
ਜੋ ਪਿਰਿ ਕਿਰਪਾ ਧਾਰੀ ।
ਪਿਰ ਅਉਗਣ ਤਿਸ ਕੇ ਸਭਿ ਗਵਾਏ
ਗਲ ਸੇਤੀ ਲਾਇ ਸਵਾਰੀ ।
(ਵਾਰ ਰਾਮਕਲੀ ਮ: ੫)

ਜਿਹਨਾਂ ਤੇ ਪ੍ਰਭੂ ਦੀ ਕਿਰਪਾ ਹੋ ਗਈ ਹੈ ਉਹ ਭਾਗਾਂ ਵਾਲੀਆਂ ਹੋ ਗਈਆਂ ਹਨ । ਜਿਹੜੀਆਂ ਕੰਤ ਨੂੰ ਪਰਵਾਨ ਹੋ ਗਈਆਂ ਹਨ, ਦਰ ਕਬੂ-ਲੀਆਂ ਗਈਆਂ ਹਨ, ਜਿਹਨਾਂ ਭਾਂਡਿਆਂ ਨੂੰ ਪ੍ਰਭੂ ਨੇ ਸਵਾਰ ਦਿਤਾ ਹੈ, ਜਿਹੜੀਆਂ ਕੰਤ ਨੂੰ ਪਿਆ-ਰੀਆਂ ਹੋ ਗਈਆਂ ਹਨ, ਜਿਹਨਾਂ ਨੂੰ ਠਾਕੁਰ ਨੇ ਬਾਂਹ ਪਕੜ ਕੇ ਭਵ ਸਾਗਰ ਵਿਚੋਂ ਬਾਹਰ ਕਢ ਲਿਆ ਹੈ ਉਹ ਪੰਚ ਪਰਵਾਨ ਹੋ ਗਈਆਂ ਹਨ। ਉਹੋ ਹੀ ਕੇਵਲ ਉਹੋ ਹੀ ਪਰਧਾਨ ਗਰਦਾਨੀਆਂ ਗਈਆਂ ਹਨ । ਨਵ ਨਿਧੀ ਅਠਾਰਹ ਸਿੱਧੀ ਉਹਨਾਂ ਦੇ ਪਿਛੇ ਲਗੀਆਂ ਫਿਰਦੀਆਂ ਹਨ ।

"ਸਾ ਗੁਣਵੰਤੀ ਸਾ ਵਡਭਾਗਣਿ,
ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ।
ਰੂਪਵੰਤਿ ਸਾ ਸੁਘੜਿ ਬਿਚਖਣਿ,
ਸੋ ਧਨ ਕੰਤ ਪਿਆਰੀ ਜੀਉ ।
ਅਚਾਰਵੰਤਿ ਸਾਈ ਪਰਧਾਨੇ,
ਸਭ ਸਿੰਗਾਰ ਬਣੇ ਤਿਸੁ ਗਿਆਨੇ ।
ਸਾ ਕੁਲਵੰਤੀ ਸਾ ਸਭਰਾਈ
ਜੋ ਪਿਰ ਕੈ ਰੰਗ ਸਵਾਰੀ ਜੀਉ ।
(ਮਾਝ ਮ: ੫)

ਸੋਹਾਗਣੀ ਨੇ ਕਿਆ ਕਰਮ ਕਮਾਇਆ ਹੈ ਜਿਸ ਨੂੰ ਕਿ ਮਦੇ ਸਹੁ ਦੀ ਸੇਜ ਮਾਣਨ



www.AKJ.Org

ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਹ ਕੋਈ ਲੁਕੀ ਛਿਪੀ ਗਲ ਨਹੀਂ। ਪ੍ਰਭੂ ਦੀ ਨਦਰ ਦਾ ਹੀ ਸਦਕਾ ਹੈ, ਜਿਨ੍ਹਾਂ ਦੇ ਪੂਰਬਲੇ ਭਾਗ ਜਾਗ ਪਏ ਉਹਨਾਂ ਤੇ ਪ੍ਰਭੂ ਦੀ ਕਿਰਪਾ ਹੋ ਗਈ। ਉਹਨਾਂ ਨੂੰ ਪ੍ਰਭੂ ਦੇ ਹੁਕਮਾਂ ਦੀ ਸੋਝੀ ਪੈ ਗਈ। ਉਹਨਾਂ ਨੇ ਆਪਣੇ ਜੀਵਨ ਨੂੰ ਪ੍ਰਭੂ ਹੁਕਮਾਂ ਅਨੁਸਾਰ ਢਾਲ ਲਿਆ। ਉਹ ਪ੍ਰਭੂ ਦੇ ਬੇ-ਖ੍ਰੀਦ ਦਾਸਰੇ ਬਣ ਗਏ, ਤਨ ਤੇ ਮਨ ਗੁਰੂ ਨੂੰ ਅਰਪ ਦਿਤਾ ਹੈ। ਧਨ ਤੇ ਪਹਿਲਾਂ ਹੀ ਦਾਤੇ ਦੀ ਦਾਤ ਸੀ। ਸੀਸ ਭੇਟ ਦਿਤਾ। ਹਉਮੈ ਵਿਚ ਮਤੇ ਉੱਚੇ ਆਕੜਖਾਨ ਸਿਰ ਨੂੰ ਗੁਰੂ ਅਗੇ ਵੇਚ ਦਿਤਾ ਜਿਸ ਦੇ ਬਦਲੇ ਗੁਰ-ਦੀਖਿਆ (ਗੁਰ-ਸ਼ਬਦ; ਗੁਰਮੰਤ੍ਰ) ਮਿਲ ਗਈ। ਗਲ ਵਿਚ ਪਟਾ ਪੈ ਗਿਆ। ਨਕ ਵਿਚ ਨਕੇਲ ਪੈ ਗਈ। 'ਗੁਰਮੁਖ ਨਕ ਨਕੇਲ।' 'ਨੱਕ ਨੱਥ ਖਸਮ ਹੱਥ' ਨਖਸਮੇ ਤੋਂ ਖਸਮ ਵਾਲੇ ਬਣ ਗਏ। ਨਿਗੁਰੇ ਤੋਂ ਸਗੁਰੇ ਹੋ ਗਏ। ਸਹੁ ਦੇ ਬਣ ਗਏ। ਅਕਾਲੀ ਫੌਜ ਅਕਾਲ ਪੁਰਖ ਦੀ ਫੌਜ ਵਿਚ ਭਰਤੀ ਹੋ ਗਏ। ਖੂਬ ਖੰਡਾ ਖੜਕਣ ਲਗਾ। ਨਿਤ ਜੰਗ ਹੋਣ ਲਗੀ। ਅੰਦਰ ਸਬਦ ਵਸ ਗਿਆ। ਅਕਾਲੀ ਫੌਜ ਦਾ ਸਿਪਾਹੀ ਖਾਲਸ ਬਣ ਕੇ ਖਾਲਸਾ ਅਖਵਾਉਣ ਲਗ ਪਿਆ। ਖਾਲਸਾ ਵਾਹਿਗੁਰੂ ਦਾ ਹੋ ਗਿਆ। ਬਦੀ ਨਾਲ ਇਸ ਦੀ ਜੰਗ ਨਿਤ ਹੁੰਦੀ। ਹਮੇਸ਼ਾ 'ਸਤਿ' ਦੀ ਜਿਤ ਹੁੰਦੀ। 'ਸਤਿ' ਕਿਉਂਕਿ ਉਹ ਵਾਹਿਗੁਰੂ ਆਪ ਹੈ ਸੋ ਫਤਹਿ ਭੀ ਵਾਹਿਗੁਰੂ ਦੀ ਹੁੰਦੀ।

"ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।"

ਜੀਵ ਦਾ ਸ਼ਹੁ ਨਾਲ ਪਿਆਰ ਪੈ ਗਿਆ। ਧਨੁ ਸੋਹਾਗਣਿ ਬਣ ਗਈ ਅਕਾਲ ਪੁਰਖ ਦੀ ਬਖਸ਼ਸ਼ ਦਾ ਸਦਕਾ।

"ਸੋਹਾਗਣੀ ਕਿਆ ਕਰਮ ਕਮਾਇਆ।
ਪੂਰਬਿ ਲਿਖਿਆ ਫਲੁ ਪਾਇਆ,
ਨਦਰਿ ਕਰ ਕੈ ਆਪਣੀ, ਆਪੇ ਲਏ
ਮਿਲਾਏ ਜੀਉ।
... ... ...
ਹੁਕਮੁ ਜਿਨਾ ਨੋ ਮਨਾਇਆ,
ਤਿਨ ਅੰਤਰਿ ਸਬਦੁ ਵਸਾਇਆ,
ਸਹੀਆਂ ਸੇ ਸੋਹਾਗਣੀ,
ਜਿਨ ਸਹ ਨਾਲਿ ਪਿਆਰ ਜੀਉ।
(ਸਿਰੀ ਰਾਗੁ ਮ: ੧)

ਸਹੀਆਂ ਸੇ ਸੋਹਾਗਣੀ...(ਸੇ ਸਹੀਆਂ ਸੋਹਾਗਣੀ)...ਜਿਨ ਸਹ ਨਾਲ ਪਿਆਰ ਜੀਉ। ਜਿਨ੍ਹਾਂ ਦਾ ਸ਼ਹੁ ਨਾਲ ਪਿਆਰ। ਅਜੇਹੀਆਂ ਸਹੀਆਂ ਦਾ ਕੀ ਚਿਹਨ ਹੋਇਆ ਜਿਹੜੀਆਂ ਸੋਹਾਗਣਾਂ ਗਰਦਾਨੀਆਂ ਗਈਆਂ?

"ਨਾਨਕ ਸੁਹਾਗਣਿ ਕਾ ਕਿਆ ਚਿਹਨ ਹੈ?
............
ਅੰਦਰਿ ਸਚੁ ਮੁਖੁ ਉਜਲਾ
ਖਸਮੈ ਮਾਹਿ ਸਮਾਇ।
(ਵਾਰ ਸੂਹੀ ਮ: ੩)

ਅਜੇਹੀਆਂ ਸਖੀਆਂ ਦੇ ਅੰਦਰ ਸਤਿ ਦੀ ਜੋਤ ਜਗ ਪਈ। ਚਿਹਰਾ ਦਗ ਦਗ ਕਰਨ ਲਗ ਪਿਆ। ਮਸਤਕ ਮਣੀ ਲਟ ਲਟ ਕਰ ਉਠੀ। ਚਿਹਰੇ ਦਾ ਝਲਕਾਰਾ ਝਲਣਾ ਮੁਸ਼ਕਲ ਹੋ ਗਿਆ। ਮੁਖ ਉੱਜਲ ਹੋ ਗਿਆ ਅਤੇ ਖਸਮ



www.AKJ.Org

ਨਾਲ ਮਿਲਕੇ ਦੋ ਤੋਂ ਇਕ ਰੂਪ ਹੋ ਗਏ। ਅਜੇ-ਹੀਆਂ ਇਸਤਰੀਆਂ ਧਨਤਾ ਯੋਗ ਹਨ ਜਿਨ੍ਹਾਂ ਨੇ ਪ੍ਰਭੂ ਨੂੰ ਪਛਾਣ ਲਿਆ ਹੈ। ਹਉਮੈ ਮਾਰ ਕੇ ਆਪਾ ਛਡ ਕੇ ਹੁਕਮ ਮੰਨਣ ਲਗ ਪਈਆਂ ਹਨ ਅਤੇ ਇਸ ਤਰ੍ਹਾਂ ਹੁਕਮੀ ਬੰਦੇ ਬਣ ਕੇ ਪ੍ਰਿਅ ਪ੍ਰਭੂ ਦੇ ਨਾਲ ਰੱਤੀਆਂ ਗਈਆਂ ਹਨ। ਪਿਰ ਸੰਗ ਰੱਤੀਆਂ ਰੰਗ ਰਲੀਆਂ ਮਾਣਦੀਆਂ ਹਨ।

ਧਨੁ ਸੋਹਾਗਨਿ, ਜੋ ਪ੍ਰਭੂ ਪਛਾਨੈ,
ਮਾਨੈ ਹੁਕਮਿ ਤਜੈ ਅਭਿਮਾਨੈ,
ਪ੍ਰਿਅ ਸਿਉ ਰਾਤੀ ਰਲੀਆ ਮਾਨੈ।
(ਸੂਹੀ ਮ: ੫)

ਸਾਰੀਆਂ ਸੁਹਾਗਣਾਂ ਪ੍ਰਿਅ ਸਿਉ ਰਤੀਆਂ ਰਲੀਆਂ ਮਾਣ ਰਹੀਆਂ ਹਨ। ਨਿਕਰਮਣ ਇਸ੍ਤ-ਤਰੀ ਬੇਨਤੀ ਕਰਦੀ ਹੈ ਕਿ ਮੇਰੀ ਵਾਰੀ ਕਦ ਆਏਗੀ। ਪ੍ਰਭੂ ਕਦੋਂ ਮੇਰੀ ਹਿਰਦੇ ਰੂਪੀ ਸੇਜ ਤੇ ਆਵੇਗਾ। ਹੇ ਪ੍ਰਭੂ! ਮੈਨੂੰ ਭੀ ਟਾਇਮ (Time ਸਮਾਂ ਦਿਉ)। ਇਕ ਟਾਤ ਮੈਨੂੰ ਭੀ ਅਨੰਦ ਮੰਗਲ ਮਾਨਣ ਨੂੰ ਦਿਉ।

ਕਰਮਹੀਣ ਧਨ ਕਰੈ ਬਿਨੰਤੀ,
ਕਦਿ ਨਾਨਕ ਆਵੈ ਵਾਰੀ।
ਸਭਿ ਸੁਹਾਗਣਿ ਮਾਣਹਿ ਰਲੀਆ,
ਇਕ ਦੇਵਹੁ ਰਾਤਿ ਮੁਰਾਰੀ।
(ਵਾਰ ਰਾਮਕਲੀ ਮ: ੫)

ਕਰਮਹੀਣ ਧਨ ਕਰੈ ਬਿਨੰਤੀ ?.........
ਕਦਿ ਨਾਨਕ ਆਵੈ ਵਾਰੀ.........
ਕਦ ਨਾਨਕ ਆਵੇ ਵਾਰੀ ?......ਕਦ ਵਾਰੀ ਆਵੇ ?.........ਕਦਿ ਵਾਰੀ ਆਵੇ ? ਕਦਿ ਨਾਨਕ ਆਵੈ ਵਾਰੀ ? ਮੰਞੁ ਕੁਚੱਜੀ ...ਮੰਞੁ ਕੁਚੱਜੀ......ਮੰਞੁ ਕੁਚੱਜੀ ਅੰਮਾਵਣਿ ਡੋਸੜੇ (ਮੈਂ ਕੁਚੱਜੀ ਹਾਂ, ਦੋਸ਼ ਬਹੁਤ ਹਨ)...... ਹਉ ਕਿਉ ਸਹੁ ਰਾਵਣਿ ਜਾਉ ਜੀਉ (ਮੈਂ ਸ਼ਹੁ ਨਾਲ ਕਿਸ ਤਰ੍ਹਾਂ ਮੇਲ ਕਰਨ ਜਾਵਾਂ).... ਹਉ ਕਿਉ ਸਹੁ ਰਾਵਣਿ ਜਾਉ ਜੀਉ......... ਕਿਉ ਸਹੁ ਰਾਵਣ ਜਾਉ ਜੀਉ.........ਮੰਞੁ ਕੁਚੱਜੀ ਅੰਮਾਵਣਿ ਡੋਸੜੇ......ਅਮਾਵਣਿ ਡੋਸੜੇ, ......ਮੰਞੁ ਕੁਚੱਜੀ.........।

ਮੰਞੁ ਕੁਚੱਜੀ ਅੰਮਾਵਣਿ ਡੋਸੜੇ,
ਹਉ ਕਿਉ ਸਹੁ ਰਾਵਣਿ ਜਾਉ ਜੀਉ ॥
ਇੱਕ ਦੂ ਇਕ ਚੜੰਦੀਆਂ,
ਕਉਣ ਜਾਣੈ ਮੇਰਾ ਨਾਉ ਜੀਉ।
ਜਿਨੀ ਸਖੀ ਸਹੁ ਰਾਵਿਆ,
ਸੇ ਅੰਬੀ ਛਾਵੜੀਏਹਿ ਜੀਉ।
ਸੇ ਗੁਣ ਮੰਞੁ ਨ ਆਵਨੀ,
ਹਉ ਕੈ ਜੀ ਦੋਸ ਧਰੇਉ ਜੀਉ।
ਕਿਆ ਗੁਣ ਤੇਰੇ ਵਿਥਰਾ,
ਹਉ ਕਿਆ ਕਿਆ ਘਿੰਨਾ ਤੇਰਾ ਨਾਉ ਜੀਉ,
ਇਕਤੁ ਟੋਲਿ ਨ ਅੰਬੜਾ,
ਹਉ ਸਦ ਕੁਰਬਾਣੈ ਤੇਰੈ ਜਾਉ ਜੀਉ।
ਸੁਇਨਾ ਰੁਪਾ ਰੰਗੁਲਾ, ਮੋਤੀ ਤੇ ਮਾਣਿਕ ਜੀਉ,
ਸੇ ਵਸਤੂ ਸਹ ਦਿੱਤੀਆਂ, ਮੈ ਤਿਨ ਸਿਉ ਲਾਇਆ ਚਿਤ ਜੀਉ।

ਮੰਦਰ ਮਿੱਟੀ ਸੰਦੜੇ, ਪਥਰ ਕੀਤੇ ਰਾਸਿ ਜੀਉ। ਹਉ ਏਨੀ ਟੋਲੀ ਭੁਲੀਅਸੁ, ਤਿਸੁ ਕੰਤ ਨ ਬੈਠੀ ਪਾਸ ਜੀਉ।
ਅੰਬਰਿ ਕੂੰਜਾਂ ਕੁਰਲੀਆਂ, ਬਗ ਬੈਹਿਠੇ ਆਇ ਜੀਉ। ਸਾ ਧਨ ਚਲੀ ਸਾਹੁਰੈ, ਕਿਆ ਮੁਹੁ



www.AKJ.Org

ਦੇਸੀ ਅਗੈ ਜਾਇ ਜੀਉ। ਸੁੱਤੀ ਸੁੱਤੀ ਝਾਲ ਥੀਆ, ਭੂਲੀ ਵਾਟੜੀਆਸੁ ਜੀਉ। ਤੈ ਸਹ ਨਾਲਹੁ ਮੁਤੀਅਸੁ, ਦੁਖਾ ਕੂ ਧਰੀਅ ਸ ਜੀਉ। ਤੁਧੁ ਗੁਣ ਮੈ ਸਭਿ ਅਵਗਣਾ, ਇਕ ਨਾਨਕ ਕੀ ਅਰਦਾਸ ਜੀਉ। ਸਭ ਰਾਤੀ ਸੋਹਾਗਣੀ, ਮੈ ਡੋਹਾਗਣਿ ਕਾਈ ਰਾਤਿ ਜੀਉ।

(ਸੂਹੀ ਮ: ੧)

ਹਾਂ ਜੀ, ਮੈਂ ਤੇ ਕੁਚੱਜੀ ਹਾਂ। ਸਭ ਸਖੀਆਂ ਇਕ ਤੋਂ ਇਕ ਵਧ ਹਨ। ਮੇਰਾ ਨਾਉ ਕਉਣ ਜਾਣਦਾ ਹੈ? ਜਿਨ੍ਹਾਂ ਸਖੀਆਂ ਨੇ ਸਹ ਨਾਲ ਮਿਲਕੇ ਅਨੰਦ ਲਿਆ ਹੈ। ਉਹ ਸਮਝੋ ਅੰਬਾਂ ਦੀ ਛਾਵੇਂ ਬੈਠੀਆਂ ਹਨ। ਉਹ ਗੁਣ ਮੇਰੇ ਵਿਚ ਨਹੀਂ ਆਉਂਦੇ। ਮੈਂ ਕਿਸ ਉਤੇ ਦੋਸ਼ ਧਰਾਂ? ਹੇ ਵਾਹਿਗੁਰੂ! ਮੈਂ ਤੇਰੇ ਗੁਣਾਂ ਨੂੰ ਕੀ ਫੈਲਾਵਾਂ ਅਤੇ ਕੀ ਕੀ ਤੇਰਾ ਨਾਮ ਲਵਾਂ? ਮੈਂ ਤੇਰੀ ਵਡਿਆਈ ਨਹੀਂ ਕਰ ਸਕਦੀ। ਏਸੇ ਲਈ ਮੈਂ ਸਦਾ ਤੇਥੋਂ ਕੁਰਬਾਨ ਜਾਂਦੀ ਹਾਂ। ਜਿਹੜਾ ਸੋਨਾ, ਚਾਂਦੀ, ਮੋਤੀ ਮਾਣਕ ਵਸਤੂਆਂ ਹੇ ਮਾਲਕਾ ਤੂੰ ਦਿਤੀਆਂ ਹਨ ਮੈਂ ਇਨ੍ਹਾਂ ਨਾਲ ਚਿਤ ਲਾਇਆ ਹੈ। ਜਿਹੜੇ ਮਕਾਨ ਮਿੱਟੀ ਤੇ ਪੱਥਰਾਂ ਨਾਲ ਬਣਾਏ ਹਨ ਮੈਂ ਇਨ੍ਹਾਂ ਬਹੁਤੇ ਪਦਾਰਥਾਂ ਵਿੱਚ ਭੁੱਲ ਗਈ ਹਾਂ। ਉਹ ਜੋ ਮੇਰਾ ਮਾਲਕ ਹੈ ਮੈਂ ਉਸਦੇ ਕੋਲ ਨਹੀਂ ਬੈਠੀ। ਉਸ ਨਾਲ ਚਿਤ ਨਹੀਂ ਲਾਇਆ। ਭਾਵ ਨਾਮ ਨਹੀਂ ਜਪਿਆ। ਆਕਾਸ਼ ਵਿਚ ਕੂੰਜਾਂ ਬੋਲੀਆਂ ਭਾਵ ਸਿਰ ਤੋਂ ਕਾਲੇ ਵਾਲ ਜਾਣ ਲਗੇ ਅਤੇ ਬਗਲੇ ਅਥਵਾ ਚਿੱਟੇ ਵਾਲ ਆ ਗਏ। ਜਦੋਂ ਜੀਵ ਇਸਤ੍ਰੀ ਪਰਮੇਸ਼ਰ ਕੋਲ ਚਲੀ, ਹੁਣ ਦੱਸੋ ਅੱਗੇ ਜਾ ਕੇ ਕੀ ਮੂੰਹ ਦੇਵੇਗੀ। ਅਗਿਆਨਤਾ ਵਿਚ ਸੁੱਤੀ ਨੂੰ ਉਮਰ ਬੀਤ ਗਈ ਅਤੇ ਇਹ ਰਾਹ ਭੁੱਲ ਗਿਆ। ਹੇ ਪ੍ਰਭੂ! ਤੇਰੇ ਨਾਲੋਂ ਵਿਛੜ ਗਈ, ਏਸੇ ਲਈ ਦੁੱਖ ਪਾਂਦੀ ਹਾਂ। ਦਾਤਾਰ ਜੀਉ! ਤੇਰੇ ਵਿਚ ਸਾਰੇ ਗੁਣ ਹਨ ਅਤੇ ਮੇਰੇ ਵਿਚ ਸਾਰੇ ਔਗੁਣ ਹਨ। ਮੇਰੀ ਇਕ ਇਹ ਬੇਨਤੀ ਹੈ—

"ਸਭਿ ਰਾਤੀ ਸੋਹਾਗਣੀ
ਮੈ ਡੋਹਾਗਣਿ ਕਾਈ ਰਾਤਿ ਜੀਉ।"

ਸਾਰੀਆਂ ਉਮਰ ਰੂਪ ਰਾਤਾਂ ਸੁਹਾਗਣਾਂ ਇਸਤ੍ਰੀਆਂ ਦੀਆਂ ਹਨ ਭਾਵ ਸਫਲ ਹਨ, ਹੇ ਪ੍ਰਭੂ! ਜਿਹੜੀ ਮੈਂ ਛੱਡੀ ਹੋਈ ਇਸਤ੍ਰੀ ਹਾਂ, ਮੇਰੀ ਭੀ ਕੋਈ ਰਾਤ ਹੈ ਭਾਵ ਮੈਂ ਭੀ ਕਿਸੇ ਰਾਤ ਤੇਰੇ ਪਾਸ ਆ ਸਕਦੀ ਹਾਂ?

"ਸਭੇ ਕੰਤੇ ਰਤੀਆਂ, ਮੈਂ ਦੋਹਾਗਣਿ ਕਿਤ।
ਮੈ ਤਨਿ ਅਵਗਣ ਏਤੜੇ, ਖਸਮ ਨ ਫੇਰੇ ਚਿਤ।"

(ਵਾਰ ਸੂਹੀ ਮ: ੩)

ਗੁਰਮੁਖ ਰੂਪ ਸਾਰੀਆਂ ਇਸਤਰੀਆਂ ਵਾਹਿਗੁਰੂ ਨਾਲ ਰਤੀਆਂ ਹੋਈਆਂ ਹਨ, ਮੈਂ ਦੁਹਾਗਣ ਕਿਸ ਗਿਣਤੀ ਵਿਚ ਹਾਂ। ਮੇਰੇ ਸਰੀਰ ਵਿਚ ਐਨੇ ਔਗੁਣ ਹਨ ਕਿ ਪਤੀ ਮੇਰੇ ਵਲ ਚਿਤ ਨਹੀਂ ਫੇਰਦਾ।

"ਸਭ ਅਵਗਣ, ਮੈਂ ਗੁਣ ਨਹੀਂ ਕੋਈ,
ਕਿਉਂ ਕਰਿ ਕੰਤ ਮਿਲਾਵਾ ਹੋਈ ॥ ੧ ॥
ਨਾ ਮੈ ਰੂਪ, ਨ ਬੰਕੇ ਨੈਣਾ,
ਨਾ ਕੁਲ ਢੰਗੁ, ਨ ਮੀਠੇ ਬੈਣਾ ॥

..............

ਸੁਰਤਿ ਮਤਿ ਨਾਹੀ ਚਤੁਰਾਈ,
ਕਰਿ ਕਿਰਪਾ ਪ੍ਰਭ ਲਾਵਹੁ ਪਾਈ ॥



www.AKJ.Org

ਖਰੀ ਸਿਆਣੀ ਕੰਤ ਨ ਭਾਣੀ,
ਮਾਇਆ ਲਾਗੀ ਭਰਮਿ ਭੂਲਾਣੀ ॥

............

ਅਨਿਕ ਜਨਮ ਬਿਛਰਤ ਦੂਖੁ ਪਾਇਆ ।
ਕਰਿ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ ।
(ਰਾਗੁ ਸੂਹੀ ਅਸਟਪਦੀਆਂ ਮ: ੧)

ਮਰੇ ਵਿੱਚ ਸਾਰੇ ਔਗੁਣ ਹਨ । ਗੁਣ ਤਾਂ ਕੋਈ ਵੀ ਨਹੀਂ । ਪ੍ਰਭੂ ਨਾਲ ਕਿਵੇਂ ਮੇਲ ਹੋਵੇਗਾ ? ਨਾਂ ਮੇਰਾ ਸੁੰਦਰ ਰੂਪ ਹੈ, ਨਾਂ ਮੇਰੇ ਬੰਕੇ ਨੈਣ ਹਨ । ਨਾਂ ਮੇਰੀ ਕੋਈ ਕੁਲ (ਜ਼ਾਤ) ਹੈ, ਨਾਂ ਕੋਈ ਚੰਗਾ ਕੰਮ ਹੀ ਹੈ ਅਤੇ ਨਾਂ ਹੀ ਮਿੱਠੇ ਬੋਲ ਹਨ । ਚੰਗੀ ਪ੍ਰੀਤੀ, ਅਕਲ ਵਿਚ ਚਤੁਰਾਈ ਭੀ ਨਹੀਂ ।

ਹੇ ਪ੍ਰਭੂ ਜੀ ! ਕਿਰਪਾ ਕਰਕੇ ਆਪਣੀ ਚਰਨੀ ਲਾਓ । ਜੀਵ ਰੂਪ ਇਸਤਰੀ ਵਿਹਾਰਾਂ ਵਿੱਚ ਤਾਂ ਬਹੁਤ ਹੀ ਸਿਆਣੀ ਹੈ ਪਰ ਕੰਤ ਪਰਮੇਸ਼ਰ ਨੂੰ ਨਹੀਂ ਭਾਈ, ਕਿਉਂਕਿ ਉਹ ਮਾਇਆ ਦੇ ਕੰਮਾਂ ਵਿਚ ਲਗਕੇ ਭਰਮਾਂ ਵਿਚ ਭੁੱਲੀ ਹੋਈ ਹੈ । ਹੇ ਵਾਹਿਗੁਰੂ ! ਤੈਥੋਂ ਵਿਛੜ ਕੇ ਅਨੇਕਾਂ ਜਨਮਾਂ ਵਿਚ ਦੁਖ ਪਾਇਆ ਹੈ । ਹੇ ਪ੍ਰੀਤਮਾ ! ਮੇਰਾ ਹਥ ਫੜ ਲਓ । ਬਾਂਹਿ ਪਕੜ ਭਵਜਲ ਵਿਚੋਂ ਕੱਢ ਲਓ ।

"ਹਉ ਬਲਿਹਾਰੀ ਤਿਨ ਕਉ,
ਸਿਫਤਿ ਜਿਨਾ ਦੈ ਵਾਤਿ ।
ਸਭਿ ਰਾਤੀ ਸੋਹਾਗਣੀ,
ਇਕ ਮੈ ਦੋਹਾਗਣਿ ਰਾਤਿ ।
(ਵਾਰ ਸੂਹੀ ਮ: ੩)

ਜਿਨ੍ਹਾਂ ਦੇ ਮੂੰਹੋਂ ਵਾਹਿਗੁਰੂ ਦੀ ਸਿਫ਼ਤ ਹੁੰਦੀ ਹੈ । ਮੈਂ ਉਨ੍ਹਾਂ ਤੋਂ ਬਲਿਹਾਰੀ ਹਾਂ । ਹੇ ਵਾਹਿਗੁਰੂ ! ਜਿਸ ਤਰ੍ਹਾਂ ਸਾਰੀਆਂ ਸੁਹਾਗਣਾਂ ਦੀ ਉਮਰ ਰੂਪੀ ਰਾਤ ਸਫ਼ਲ ਕੀਤੀ ਹੈ ਉਸੇ ਹੀ ਤਰ੍ਹਾਂ ਮੇਰੀ ਦੁਹਾਗਣੀ ਦੀ ਵੀ ਇਕ ਰਾਤ ਸਫ਼ਲ ਕਰੋ ।

"ਮੇਰਾ ਹਰਿ ਪ੍ਰਭੁ ਸੁੰਦਰ, ਮੈਂ ਸਾਰ ਨਾ ਜਾਣੀ ।
ਹਉ ਹਰਿ ਪ੍ਰਭੁ ਛਡਿ ਦੂਜੈ ਲੋਭਾਣੀ ।
ਹਉ ਕਿਉ ਕਰਿ ਪਿਰ ਕਉ ਮਿਲਉ ਇਆਣੀ ।੧।
ਜੋ ਪਿਰ ਭਾਵੈ ਸਾ ਸੋਹਾਗਣਿ ।
ਸਾਈ ਪਿਰ ਕਉ ਮਿਲੈ ਸਿਆਣੀ ॥ ੧ ॥
ਰਹਾਉ ॥
ਮੈਂ ਵਿਚਿ ਦੋਸ, ਹਉ ਕਿਉ ਕਰਿ ਪਿਰੁ ਪਾਵਾ ।
ਤੇਰੇ ਅਨੇਕ ਪਿਆਰੇ ਹਉ ਪਿਰ ਚਿਤ ਨ ਆਵਾ ।੨।
ਜਿਨ ਪਿਰੁ ਰਾਵਿਆ, ਸਾ ਭਲੀ ਸੁਹਾਗਣਿ ॥
ਸੇ ਮੈ ਗੁਣ ਨਾਹੀ, ਹਉ ਕਿਆ ਕਰੀ ਦੁਹਾਗਣਿ ।੩।
ਨਿਤ ਸੁਹਾਗਣਿ ਸਦਾ ਪਿਰੁ ਰਾਵੈ ॥
ਮੈ ਕਰਮਹੀਣ ਕਬਹੀ ਗਲ ਲਾਵੈ ॥ ੪ ॥
ਤੂੰ ਪਿਰ ਗੁਣਵੰਤਾ ਹਉ ਅਉਗਣਿਆਰਾ ॥
ਮੈ ਨਿਰਗੁਣ ਬਖਸਿ, ਨਾਨਕੁ ਵੇਚਾਰਾ ॥
(ਵਡਹੰਸ ਮ: ੪)

ਮੇਰਾ ਵਾਹਿਗੁਰੂ ਹਰ ਤਰ੍ਹਾਂ ਨਾਲ ਸੁੰਦਰ ਹੈ ਪਰ ਮੈਂ ਉਸ ਦੀ ਸਾਰ ਨਹੀਂ ਜਾਣੀ । ਮੈਂ ਆਪਣੇ ਮਾਲਕ ਪ੍ਰਭੂ ਨੂੰ ਛਡਕੇ ਦੂਸਰੇ ਭਾਉ ਵਾਲੇ ਸੰਸਾਰ ਵਿਚ ਲੁਭਾਈ ਹੋਈ ਹਾਂ । ਮੈਂ ਮੂਰਖ (ਨਿਆਣੀ) ਆਪਣੇ ਮਾਲਕ ਨੂੰ ਕਿਸ ਤਰ੍ਹਾਂ ਮਿਲਾਂ ? ਜੇਹੜੀ ਪਤੀ ਪਰਮੇਸ਼ਰ ਨੂੰ ਭਾਉਂਦੀ ਹੈ ਉਹੋ ਹੀ ਸੁਹਾਗਣ ਇਸਤ੍ਰੀ ਹੈ, ਉਹੋ ਹੀ ਸਿਆਣੀ ਇਸਤ੍ਰੀ ਪਤੀ ਨੂੰ ਮਿਲਦੀ ਹੈ ।



www.AKJ.Org

ਮੇਰੇ ਵਿਚ ਦੋਸ਼ ਬਹੁਤ ਹਨ ? ਮੈਂ ਆਪਣੇ ਮਾਲਕ ਨੂੰ ਕਿਵੇਂ ਪਾਵਾਂ ? ਹੇ ਵਾਹਿਗੁਰੂ ! ਤੇਰੇ ਤਾਂ ਅਨੇਕਾਂ ਪਿਆਰੇ ਹਨ । ਇਸ ਲਈ ਮੈਂ ਤੈਨੂੰ ਯਾਦ ਨਹੀਂ ਆਉਂਦੀ । ਜਿਨ੍ਹਾਂ ਨੇ ਪਤੀ ਪਰਮੇਸ਼ਰ ਦੇ ਆਨੰਦ ਨੂੰ ਮਾਣਿਆ ਹੈ ਉਹ ਬੜੀਆਂ ਚੰਗੀਆਂ ਸੁਹਾਗਣ ਇਸਤ੍ਰੀਆਂ ਹਨ। ਉਨ੍ਹਾਂ ਸੁਹਾਗਣੀਆਂ ਵਾਲੇ ਗੁਣ ਮੇਰੇ ਵਿਚ ਨਹੀਂ ਹਨ ਇਸ ਲਈ ਮੈਂ ਛੁੱਟੜ ਇਸਤ੍ਰੀ ਕੀ ਕਰਾਂਗੀ ਭਾਵ ਆਤਮ ਸੁਖ ਕਿਵੇਂ ਪਾਵਾਂਗੀ ? ਜਿਹੜੀ ਮਾਲਕ ਨੂੰ ਰੋਜ਼ ਮਿਲਕੇ ਅਨੰਦ ਮਾਣਦੀ ਹੈ ਉਹ ਸਦਾ ਹੀ ਸੁਹਾਗਣ ਇਸਤਰੀ ਹੈ। ਮੈਨੂੰ ਕਰਮਾਂ ਤੋਂ ਹੀਣੀ ਨੂੰ ਕਦੀ ਤਾਂ ਗਲ ਨਾਲ ਲਗਾਵੇਗਾ । ਹੇ ਪ੍ਰਭੂ । ਤੂੰ ਗੁਣ ਵਾਲਾ ਹੈਂ । ਮੈਂ ਔਗੁਣਾਂ ਦਾ ਭਰਿਆ ਹੋਇਆ ਹਾਂ । ਮੈਂ ਗੁਣ ਹੀਣਾ ਤੇ ਗਰੀਬ ਹਾਂ । ਜਿਵੇਂ ਜਾਣਦਾ ਹੈਂ ਮੈਨੂੰ ਬਖਸ਼ ਲੈ ।

"ਨਿਤ ਸੁਹਾਗਣਿ ਪਿਰ ਰਾਵੈ ॥
ਮੈ ਕਰਮਹੀਣ ਕਬਹੀ ਗਲਿ ਲਾਵੈ ॥"

... ... ... ...

ਮੈਂ ਕਰਮਹੀਣ ਕਬਹੀ ਗਲਿ ਲਾਵੈ ॥"... ..
ਕਬਹੀ ਗਲਿ ਲਾਵੈ......ਕਬਹੀ ਗਲਿ ਲਾਵ......
"ਤੂੰ ਪਿਰ ਗੁਣਵੰਤਾ, ਹਉ ਅਉਗਣਹਾਰਾ ॥
ਮੈ ਨਿਰਗੁਣ ਬਖਸਿ, ਨਾਨਕ ਵੇਚਾਰਾ ॥"
ਮੈ ਨਿਰਗੁਣ ਬਖਸਿ ਨਾਨਕ ਵੇਚਾਰਾ...
ਨਾਨਕ ਵੇਚਾਰਾ.........।
"ਕਰਮਹੀਣ ਧਨ ਕਰੈ ਬਿਨੰਤੀ......
ਕਰਮਹੀਣ ਧਨ ਕਰੈ ਬਿਨੰਤੀ ।
ਕਦਿ ਨਾਨਕ ਆਵੈ ਵਾਰੀ......
ਕਦਿ ਨਾਨਕ ਆਵੈ ਵਾਰੀ......
ਕਦਿ ਨਾਨਕ ਆਵੈ ਵਾਰੀ......
ਸਭਿ ਸੁਹਾਗਣਿ ਮਾਣਹਿ ਰਲੀਆਂ,
ਇਕ ਦੇਵਹੁ ਰਾਤਿ ਮੁਰਾਰੀ......
ਇਕ ਦੇਵਹੁ ਰਾਤਿ ਮੁਰਾਰੀ......ਇਕ
ਦੇਵਹੁ ਰਾਤਿ ਮੁਰਾਰੀ......

— — —


## ਸਰਬ ਲੋਹ ਦੇ ਭਾਂਡੇ

ਆਪ ਨੂੰ ਸਰਬ ਲੋਹ ਹੇ ਭਾਂਡਿਆਂ ਦੀ ਲੋੜ ਹੋਵੇ ਤਾਂ ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ । ਅਸੀਂ ਹਰ ਕਿਸਮ ਦੇ ਸਰਬ ਲੋਹ ਦੇ ਭਾਂਡੇ ਤਿਆਰ ਕਰਦੇ ਹਾਂ ।

ਮਿਸਤਰੀ ਉਜਾਗਰ ਸਿੰਘ,
ਮਹੱਲਾਂ ਲੁਹਾਰਾਂ,
ਪਿੰਡ ਤੇ ਡਾਕਖਾਨਾ ਘੜੂਆਂ, ਤਸੀਲ ਖਰੜ,
ਜ਼ਿਲਾ ਰੋਪੜ।




www.AKJ.Org

# ਭਗਤ ਪੀਪਾ ਜੀ

ਪ੍ਰੋ: ਗੁਰਮੁਖ ਸਿੰਘ ਜੀ, ਕਪੂਰਥਲਾ ।

ਪੰਦਰਵੀਂ ਸ਼ਤਾਬਦੀ ਦੇ ਸ਼ੁਰੂ ਵਿੱਚ ੧੪੨੬ ਈਸਵੀ ਵਿੱਚ (੧੪੮੩ ਸੰਮਤ) ਭਗਤ ਪੀਪਾ ਜੀ ਦਾ ਜਨਮ ਹੋਇਆ। ਆਪ ਗਗਨੌਰ (ਰਾਜਿਸ-ਥਾਨ) ਰਿਆਸਤ ਦੇ ਵੱਡੇ ਸਰਦਾਰ ਸਨ ਭਾਵ ਰਾਜਾ ਸਨ। ਸਮੇਂ ਦੇ ਰਿਵਾਜ਼ ਤੇ ਠਾਕੁਰਾਂ ਦੇ ਐਸ਼ ਰੰਗ ਨੂੰ ਮੁਖ ਰਖਦਿਆਂ ਆਪ ਦੀਆਂ ਬਾਰਾਂ ਰਾਣੀਆਂ ਭੀ ਸਨ। ਇਹਨਾਂ ਵਿਚੋਂ ਸੀਤਾ ਨਾਮ ਦੀ ਰਾਣੀ ਅਤਿ ਸੁੰਦਰ ਸੀ ਜਿਸ ਕਰਕੇ ਪੀਪਾ ਜੀ ਉਸ ਨੂੰ ਬਹੁਤ ਪਿਆਰ ਕਰਦੇ ਸਨ।

ਪੀਪਾ ਜੀ ਆਪਣੇ ਪਰਵਾਰਕ ਇਸ਼ਟ ਦੇਵੀ ਦੁਰਗਾ ਜੀ ਦੇ ਉਪਾਸ਼ਕ ਸਨ ਤੇ ਆਪਣੇ ਮਹੱਲਾਂ ਅੰਦਰ ਦੁਰਗਾ ਦੀ ਪੂਜਾ ਕਰਦੇ, ਸਮਾਗਮ ਰਚਦੇ ਤੇ ਸਾਧੂ ਸੰਤਾਂ ਦੀ ਸੇਵਾ ਕਰਦੇ। ਉਹਨਾਂ ਤੋਂ ਗਿਆਨ ਗੋਸ਼ਟ ਦੀਆਂ ਗਲਾਂ ਆਪ ਭੀ ਸਰਵਣ ਕਰਦੇ ਤੇ ਰਾਣੀਆਂ ਨੂੰ ਭੀ ਸਤਸੰਗ ਵਿਚ ਲੈ ਜਾਂਦੇ। ਭਾਵ ਮੁਢ ਤੋਂ ਹੀ ਇਹਨਾਂ ਅੰਦਰ ਭਗਤੀ ਭਾਵ ਤੇ ਸੇਵਾ ਭਾਵ ਸਨ; ਪਰ ਸਨ ਅਜੇ ਬੀਜ ਰੂਪ ਵਿੱਚ। ਸਮਾਂ ਆਉਣ ਤੇ ਇਸ ਭਗਤੀ- ਬੀਜ ਨੇ ਪੁੰਗਰਨਾ ਸੀ ਤੇ ਉਹ ਸੋਹਣਾ ਖਿੜਿਆ।

੧੫ ਵੀਂ ਸਦੀ ਦੇ ਆਰੰਭ ਵਿੱਚ ਵੈਸ਼ਨਵ-ਮਤ ਦਾ, ਜੋ ਸਵਾਮੀ ਰਾਮਾ ਨੰਦ ਜੀ ਦੀ ਅਗਵਾਈ ਵਿੱਚ ਚਲ ਰਿਹਾ ਸੀ ਬੜਾ ਜ਼ੋਰ ਸੀ। ਉਹਨਾਂ ਦੀਆਂ ਕੀਰਤਨ ਮੰਡਲੀਆਂ ਸ਼ਹਿਰੋ-ਸ਼ਹਿਰ, ਤੇ ਪਿੰਡੋ-ਪਿੰਡ ਫਿਰ ਕੇ ਲੋਕਾਂ ਨੂੰ ਸਵਾਮੀ ਜੀ ਦਾ ਸੁਨੇਹਾ ਦਿੰਦੀਆਂ ਤੇ ਆਪਣੇ ਮਤ ਵਲ ਪ੍ਰੇਰ-ਦੀਆਂ। ਕਹਿੰਦੇ ਹਨ ਇਸੇ ਇਕ ਕੀਰਤਨ ਮੰਡਲੀ ਨੇ ਰਾਜ ਮਹਲਾਂ ਵਿੱਚ ਜਾ ਕੇ ਪਰਮਾਤਮਾਂ ਦੇ ਜਸ ਗਾਏ। ਇਹਨਾਂ ਨੂੰ ਸੰਤ ਪਰਾਹੁਣੇ ਆਖਿਆ ਗਿਆ ਹੈ। ਆਮ ਤੌਰ ਤੇ ਇਹ ਮੰਡਲੀਆਂ ਸਾਰੀ ਰਾਤ ਕੀਰਤਨ ਕਰਦੀਆਂ ਸਨ। ਅਜਕਲ ਭੀ ਇਹੋ ਜਹੀਆਂ ਮੰਡਲੀਆਂ ਯੂ. ਪੀ ਤੇ ਰਾਜਿਸਥਾਨ ਅੰਦਰ ਪ੍ਰਚਾਰ ਕਰਦੀਆਂ ਹਨ।

ਪੀਪਾ ਜੀ ਨੇ ਪਹਿਲੀ ਵਾਰ ਰੈਨ-ਸਬਾਈ ਸੁਣੀ। ਅੰਦਰ ਜੋ ਭਗਤੀ ਭਾਵ ਸੀ, ਹੁਣ ਉਹ ਸਫੁਟ ਹੋਕੇ ਬਾਹਰ ਉਮਡ ਆਇਆ। ਪੀਪਾ ਜੀ ਨੇ ਇਹਨਾਂ ਤੋਂ ਪੁਛ ਪੜਤਾਲ ਕੀਤੀ ਤੇ ਰਾਮਾ ਨੰਦ ਜੀ ਗੁਸਾਂਈ ਨੂੰ ਜਾ ਮਿਲੇ। ਜਿਨਾਂ ਨੇ ਆਪ ਨੂੰ ਦੁਰਗਾ-ਪੂਜਾ ਤੋਂ ਉਪਰ ਚੁਕ ਕੇ ਪ੍ਰਭੂ-ਅਰਾਧਨਾ ਵਲ ਪ੍ਰੇਰਿਆ।

ਲਿਖਿਆ ਹੈ ਜਦੋਂ ਪੀਪਾ ਜੀ ਸਵਾਮੀ ਜੀ ਦੇ ਪਹਿਲੀ ਵਾਰ ਦਰਸ਼ਨ ਕਰਨ ਗਏ ਤਾਂ



www.AKJ.Org

ਸਵਾਮੀ ਜੀ ਨੇ ਰਾਜਾ ਦੀ ਚੰਗੀ ਪਰਖ ਪੜਚੋਲ ਕੀਤੀ। ਜਦੋਂ ਰਾਜਾ ਜੀ ਬਨਾਰਸ ਸਵਾਮੀ ਜੀ ਦੇ ਆਸ਼ਰਮ ਪੁਜੇ ਤਾਂ ਅਗੋਂ ਫਾਟਕ ਬੰਦ ਕਰਵਾਏ ਪਏ ਸਨ। ਰਾਜਾ ਜੀ ਬੜੇ ਹੈਰਾਨ ਹੋਏ। ਅੰਦਰ ਸੁਨੇਹਾ ਭੇਜਿਆ ਤੇ ਆਗਿਆ ਮੰਗੀ। ਪਰ ਉਤਰ ਆਇਆ "ਹੇ ਰਾਜਨ ਅਸੀਂ ਗਰੀਬ ਸਾਧੂ ਹਾਂ। ਰਾਜਿਆਂ ਨਾਲ ਸਾਡਾ ਕੀ ਮੇਲ ?"

ਰਾਜਾ ਪੀਪਾ ਜੀ ਸਵਾਮੀ ਜੀ ਦੀ ਰਮਜ਼ ਸਮਝ ਗਏ ਤੇ ਮਨੋ ਮਨ ਆਪਣੇ ਕੀਤੇ ਵਖਾਵੇ ਉਤੇ ਬਹੁਤ ਪਛਤਾਏ। ਉਸੇ ਵੇਲੇ ਉਨ੍ਹਾਂ ਆਪਣੇ ਹਾਥੀ ਘੋੜੇ ਲਾਓ-ਲਸ਼ਕਰ ਵਾਪਸ ਮੋੜ ਦਿਤੇ ਤੇ ਆਪ ਸਾਦੇ ਜਿਹੇ ਕਪੜੇ ਪਾਕੇ ਸਵਾਮੀ ਜੀ ਦੇ ਦਰਸ਼ਨ ਕੀਤੇ। ਇਸ ਵੇਲੇ ਆਪ ਨਾਲ ਉਹਨਾਂ ਦੀ ਅਤਿ ਪ੍ਰਿਆ ਰਾਣੀ ਸੀਤਾ ਭੀ ਸੀ। ਭਾਵ ਇਉਂ ਆਪਾ ਛਡ ਕੇ, ਅਪਣਤ ਗਵਾ ਕੇ ਇਸ ਮਾਰਗ ਤੇ ਚਲ ਹੁੰਦਾ ਹੈ। ਰਾਜਾ ਪੀਪਾ ਜੀ ਦੇ ਅੰਦਰ ਸਿਕ ਸੀ ਉਨ੍ਹਾਂ ਅਪਣਤ ਛਡੀ, ਮਾਨ ਛਡਿਆਂ ਰਾਜਾ ਬਣਨਾ ਛਡਿਆ, ਐਸ਼ ਆਰਾਮ ਛਡਿਆ, ਛਡਿਆ, ਘਰ ਬਾਰ ਸਭ ਛਡ ਦਿਤਾ। ਆਤਮ ਮਾਰਗ ਵਿੱਚ ਪਰਵੇਸ਼ ਕਰਨ ਵਾਲੇ ਨੂੰ ਦੁਨੀਆਂ ਦੇ ਹਰ ਤਰ੍ਹਾਂ ਦੇ ਰੁਤਬੇ ਤੇ ਸੁਖ ਆਰਾਮ ਛਡਣੇ ਹੀ ਪੈਂਦੇ ਹਨ। ਉਤੋਂ ਉਤੋਂ ਨਹੀਂ ਵਖਾਵਾ ਕਰਕੇ ਨਹੀਂ, ਅੰਦਰੋਂ, ਦਿਲੋਂ।

"ਅੰਦਰੁ ਜਿਨ ਕਾ ਮੋਹੁ ਤੁਟਾ
ਤਿਨ ਕਾ ਸਬਦੁ ਸਚੈ ਸਵਾਰਿਆ ॥"

ਗੁਰਮਤਿ ਅੰਦਰ ਭੀ ਤਾਂ ਤਿਆਗ ਕਰਨ ਦੀ ਤਾਕੀਦ ਹੈ ਵਾਹਿਗੁਰੂ ਜੀ ਨਾਲ ਮੁਖ ਜੋੜਨ ਲਈ "ਤੋਰੋ ਹੀ ਤੋਰੋ" ਦੀ ਦੁਹਾਈ ਦਿਤੀ ਗਈ ਹੈ।

ਖ਼ੈਰ ਪੀਪਾ ਜੀ ਨੇ ਰਾਮਾ ਨੰਦ ਜੀ ਨੂੰ ਗੁਰੂ ਬਣਾਇਆ ਤੇ ਉਹਨਾਂ ਤੋਂ ਦੀਖਿਆ ਲਈ। ਸਵਾਮੀ ਜੀ ਤੋਂ ਰਾਜ ਕਰਨ ਦਾ ਹੁਕਮ ਮਿਲਿਆ ਪਰ ਹਉਮੈਂ ਤੋਂ ਰਹਿਤ ਹੋਕੇ। ਗਰੀਬਾਂ ਤੇ ਦਇਆ ਕਰਨੀ, ਅਤੇ ਸਾਧੂ ਸੰਤਾਂ ਦੀ ਸੇਵਾ ਦਾ ਭੀ ਹੁਕਮ ਲੈ ਕੇ, ਪੀਪਾ ਜੀ ਸਮੇਤ ਆਪਣੀ ਰਾਣੀ ਦੇ ਆਪਣੇ ਨਗਰ ਵਾਪਸ ਆ ਗਏ। ਕੁਝ ਸਮਾਂ ਪਾ ਕੇ ਰਾਮਾ ਨੰਦ ਜੀ ਪੀਪਾ ਜੀ ਦੇ ਵੈਰਾਗ ਨੂੰ ਮੁਖ ਰਖਦਿਆਂ ਗਗਨੌਰ ਗਏ। ਸਾਰੇ ਗਗਨੌਰ ਨੇ ਰਾਜਗੁਰੂ ਦਾ ਹਾਰਦਿਕ ਸੁਾਗਤ ਕੀਤਾ। ਕੀਰਤਨ ਹੋਏ, ਸਤਸੰਗ ਅਤੇ ਉਪਦੇਸ਼ ਹੋਏ। ਪੀਪਾ ਜੀ ਨੇ ਇਥੇ ਬੇਨਤੀ ਕੀਤੀ "ਮੇਰਾ ਮਨ ਹੁਣ ਰਾਜ ਭਾਗ ਤੋਂ ਉਚਾਟ ਹੁੰਦਾ ਜਾਂਦਾ ਹੈ। ਆਪਣੇ ਨਾਲ ਰਖ ਲਓ।"

ਸਵਾਮੀ ਜੀ ਨੇ ਉਤਰ ਦਿਤਾ "ਹੇ ਰਾਜਨ! ਸੰਨਿਆਸ ਧਾਰਨ ਕਰਨਾ ਬੜਾ ਹੀ ਔਖਾ ਹੈ। ਭੁਖ ਤੇ ਨੰਗ ਨਾਲ ਘੋਲ ਕਰਨਾ ਪੈਂਦਾ ਹੈ। ਸਭ ਤੋਂ ਵਧ ਕੇ ਮਨੁਖ ਨੂੰ ਆਪਣੇ ਮਨ ਨਾਲ ਘੋਲ ਕਰਨਾ ਪੈਂਦਾ ਹੈ। ਢੇਰ ਚਿਰ ਇਹ ਮਨ ਨਹੀਂ ਮਰਦਾ। ਰਾਜਨ ਦੇਖ ਲੈ। ਆਪਣੀਆਂ ਰਾਣੀਆਂ ਨਾਲ ਸਲਾਹ ਕਰ ਲੈ। ਸਾਨੂੰ ਤੇ ਕੋਈ ਇਤਰਾਜ਼ ਨਹੀਂ।

(ਚਲਦਾ)



www.AKJ.Org

## ਗੁਰਮਤਿ ਵਿਚਾਰ

ਪ੍ਰਿੰਸੀਪਲ ਮਿਹਰ ਸਿੰਘ ਜੀ, ਡੇਹਰਾਦੂਨ

"ਕਹਿਤ ਕਬੀਰ ਵੀਚਾਰੀ,
ਭਵਸਾਗਰ ਪਾਰ ਉਤਾਰੀ"

ਵਿਚਾਰ ਨੂੰ ਸਾਧਾਰਨ ਗਲਾਂ ਵਿਚ ਹੀ ਨਹੀਂ, ਪ੍ਰੰਤੂ ਗੁਰਮਤਿ ਵਿਚ ਵੀ ਵਡੀ ਪਦਵੀ ਪ੍ਰਾਪਤ ਹੈ। ਵਿਚਾਰਵਾਨ ਮਨੁਖ, ਚਾਹੇ ਉਹ ਦੁਨੀਆਵੀ ਮਾਮਲੇ ਹਲ ਕਰਨਾ ਚਾਹੇ, ਚਾਹੇ ਉਹ ਗੁਰਮਤਿ ਦੀਆਂ ਘੁੰਡੀਆਂ ਸਮਝਣਾ ਚਾਹੇ, ਜਦ ਤਕ ਵਿਚਾਰ ਨੂੰ ਨਹੀਂ ਅਪਣਾਏਗਾ, ਕਿਸੇ ਪ੍ਰਕਾਰ ਦੇ ਮਾਮਲੇ ਨੂੰ ਠੀਕ ਤੌਰ ਤੇ ਨ ਸਮਝਣ ਕਰਕੇ ਉਸ ਦਾ ਠੀਕ ਹਲ ਨਹੀਂ ਪ੍ਰਾਪਤ ਕਰ ਸਕੇਗਾ। ਗੁਰਮਤਿ ਵਿਚਾਰ ਸੂਖਮ ਵਸਤੂ ਹੈ। ਗੁਰਸਿਖ ਲਈ ਬਹੁਤ ਜ਼ਰੂਰੀ ਤੇ ਲਾਭਦਾਇਕ ਹੈ। ਇਕ ਗੁਰਮਤਿ ਜਾਨਣ ਦੇ ਇਛਾਵਾਨ ਦੇ ਕੁਝ ਭੁਲੇਖੇ ਯਾ ਸ਼ਕ ਦੂਰ ਕਰਨ ਲਈ ਉਸ ਵਲੋਂ ਘਲੇ ਹੋਏ ਕੁਝ ਕੁ ਪ੍ਰਸ਼ਨਾਂ ਦਾ ਗੁਰਮਤਿ ਅਨਕੂਲ ਉਤਰ ਦੇਣ ਦਾ ਜਤਨ ਇਸ ਪ੍ਰਕਾਰ ਕੀਤਾ ਗਿਆ ਹੈ :—

ਪ੍ਰਸ਼ਨ—ਜੇਹੜਾ ਕਹੇ, ਕਿ ਮੈਂ ਵਾਹਿਗੁਰੂ ਦੀ ਹੋਂਦ ਨੂੰ ਨਹੀਂ ਮੰਨਦਾ, ਉਸ ਵਾਸਤੇ ਸਾਡੇ ਕੋਲ ਕੀ ਜਵਾਬ ਹੈ ?

ਉਤਰ :—ਮਨੁਖ ਵਿਚ ਕੁਦਰਤੀ ਤੌਰ ਤੇ ਤਿੰਨ ਵਡੀਆਂ ਪ੍ਰਬਲ ਖਾਹਸ਼ਾਂ ਹੁੰਦੀਆਂ ਹਨ ਉਹ ਇਹ ਹਨ—

(੧) ਉਹ ਚਾਹੁੰਦਾ ਹੈ ਕਿ ਮੈਂ ਸਦਾ ਲਈ ਜ਼ਿੰਦਾ ਰਹਾਂ, ਕਦੀ ਵੀ ਨ ਮਰਾਂ ਅਰਥਾਤ "ਅਮਰ" ਰਹਾਂ ਅਤੇ ਇਹੀ ਇਕ ਸਭ ਤੋਂ ਜ਼ਬਰਦਸਤ ਖਾਹਸ਼ ਉਸ ਅੰਦਰ ਹੁੰਦੀ ਹੈ ਅਤੇ ਇਹ ਉਸਦੇ ਦਿਮਾਗ਼ ਵਿਚੋਂ ਨਹੀਂ ਨਿਕਲਦੀ। ਭਾਵੇਂ ਉਹ ਜਾਣਦਾ ਹੈ ਕਿ ਉਸਨੇ ਕੁਦਰਤੀ ਅਸੂਲ ਦੇ ਮੁਤਾਬਕ ਮਰਨਾ ਜ਼ਰੂਰ ਹੈ। ਇਹ "ਸਤਿ" ਹੈ। ਮਨੁਖ ਦੀ ਇਹ ਖਾਹਸ਼ ਉਸ ਵਾਹਿਗੁਰੂ ਦੇ ਬੜੇ ਗੁਣ ਨੂੰ ਪ੍ਰਗਟ ਕਰਦੀ ਹੈ ਜਿਸ ਦਾ ਨਾਮ "ਸਤਿ" ਹੈ। ਵਾਹਿਗੁਰੂ ਦਾ ਇਹ ਵਡਾ ਗੁਣ ਹੈ ਅਤੇ ਇਸੇ ਗੁਣ ਦਾ ਇਕ ਹਿੱਸਾ ਮਨੁਖ ਵਿਚ ਮੌਜੂਦ ਹੋਣ ਦਾ ਸਬੂਤ ਇਹੀ ਹੈ ਕਿ ਉਹ ਐਸਾ ਸੋਚਦਾ ਹੈ। ਚੂੰਕਿ ਮਨੁਖ ਵਾਹਿਗੁਰੂ ਦੀ ਅੰਸ, ਔਲਾਦ ਹੈ, ਇਸ ਵਾਸਤੇ ਇਸ ਦੀ ਸੋਚ ਬਾਪ ਜੈਸੀ ਹੈ।

(੨) ਮਨੁਖ ਸੋਚਦਾ ਹੈ ਕਿ ਮੈਂ ਗਿਆਨ ਵਾਨ ਬਣਾਂ। ਇਕ ਸਾਧਾਰਨ ਆਦਮੀ ਇਹ ਵੀ ਜਾਣਦਾ ਹੈ ਕਿ ਮੈਂ ਅਨਪੜ੍ਹ ਹੋਣ ਦੀ ਹਾਲਤ ਵਿਚ ਬਹੁਤ ਲੋਕਾਂ ਨਾਲੋਂ ਦਮਾਗ਼ੀ ਰੂਪ



www.AKJ.Org

ਵਿਚ ਕਮਜ਼ੋਰ ਹਾਂ ਅਤੇ ਮੈਂ ਸਮਝ ਵੀ ਇਤਨੀ ਨਹੀਂ ਰਖਦਾ ਕਿ ਸਾਰਿਆਂ ਦੇ ਸਾਹਮਣੇ ਆਪਣਾ ਪਰਭਾਉ ਜਮਾ ਸਕਾਂ। ਮਨੁਖ ਦੀ ਐਸਾ ਸੋਚਣ ਦੀ ਆਦਤ ਨੂੰ ਅਸੀਂ "ਚਿਤ" ਕਹਿੰਦੇ ਹਾਂ। ਸੋ ਇਹ ਵੀ ਪ੍ਰਮਾਤਮਾ ਦਾ ਇਕ ਵਡਾ ਗੁਣ ਹੈ ਜਿਹੜਾ ਮਨੁਖ ਵਿਚ ਮੌਜੂਦ ਹੈ।

(੩) ਫਿਰ ਮਨੁਖ ਸੁਖ ਚਾਹੁੰਦਾ ਹੈ ਅਤੇ ਹੱਦ ਤੋਂ ਜ਼ਿਆਦਾ ਦਰਜੇ ਦਾ ਸੁਖ ਮੰਗਦਾ ਹੈ ਜਿਵੇਂ ਧਨ ਦਾ ਸੁਖ, ਔਲਾਦ ਦਾ ਸੁਖ, ਇਜ਼ਤ ਦਾ ਸੁਖ ਤੇ ਹੋਰ ਕਈ ਪ੍ਰਕਾਰ ਦਾ ਸੁਖ ਮੰਗਦਾ ਮੰਗਦਾ ਨਹੀਂ ਥਕਦਾ। ਇਹ "ਆਨੰਦ" ਚਾਹੁੰਦਾ ਹੈ ਜੇਹੜੀ ਕਿ ਸੁਖ ਦੀ ਉਚੀ ਤੋਂ ਉਚੀ ਸਟੇਜ ਹੈ। ਮਨੁਖ ਦੇ ਇਸ ਗੁਣ ਨੂੰ ਜੇਹੜਾ ਕਿ ਇਸਦੀ ਸੋਚ ਨੂੰ ਇਸ ਪਾਸੇ ਲੈ ਜਾਂਦਾ ਹੈ ਅਸੀਂ "ਆਨੰਦ" ਕਹਿੰਦੇ ਹਾਂ।

ਵਾਹਿਗੁਰੂ ਦੇ ਤਿੰਨ ਵਡੇ ਗੁਣ ਇਹ ਹਨ ਕਿ ਉਹ "ਸਤਿ, ਚਿਤ. ਆਨੰਦ ਸਰੂਪ" ਹੈ। ਇਸ ਵਾਸਤੇ ਜੇ ਮਨੁਖ ਵਾਹਿਗੁਰੂ ਦੀ ਔਲਾਦ ਨਹੀਂ ਹੈ ਤਾਂ ਫਿਰ ਮਨੁਖ ਕਿਉਂ ਐਸਾ ਸੋਚਦਾ ਹੈ ਸਪਸ਼ਟ ਹੈ ਕਿ ਪਰਮ ਪਿਤਾ ਦੇ ਤਿੰਨ ਵਡੇ ਗੁਣਾਂ ਦੀ ਮਨੁਖ ਅੰਦਰ ਮੌਜੂਦਗੀ ਹੋਣਾ ਹੀ ਵਾਹਿਗੁਰੂ ਦੀ ਹੋਂਦ ਦਾ ਵਡਾ ਸਬੂਤ ਹੈ।

ਪ੍ਰਸ਼ਨ ੨ :—ਬਚਾ, ਮਾਂ ਦੇ ਪੇਟ ਵਿਚ ਸਿਮਰਨ ਕਿਵੇਂ ਕਰਦਾ ਹੈ ?

ਉਤਰ :—ਮਾਂ ਦੇ ਪੇਟ ਅੰਦਰ ਬਚੇ ਦਾ ਸਿਮਰਨ "ਸੁਰਤ" ਨਾਲ ਹੁੰਦਾ ਹੈ। ਉਸ ਵੇਲੇ ਬਚੇ ਦੀ "ਬੁੱਧੀ" ਉਪਰਮੁਖੀ ਹੁੰਦੀ ਹੈ ਅਤੇ ਦੁਨੀਆਂ ਦੇ ਵਾਤਾਵਰਨ ਅਰਥਾਤ "ਮਾਇਆ" ਤੋਂ ਬੇਅਸਰ ਹੁੰਦੀ ਹੈ ਸੋ ਇਸ ਹਾਲਤ ਵਿਚ ਬਚੇ ਦੀ ਸੁਰਤ ਪ੍ਰਧਾਨ ਹੋਣ ਕਰਕੇ ਉਹ ਹਰ ਵੇਲੇ ਦਾਤਾਰ ਸਿਰਜਨਹਾਰ ਦਾ ਹੀ ਸਿਮਰਨ ਕਰਦਾ ਹੈ ਅਤੇ ਉਸ ਦੀ ਭਾਸ਼ਾ ਕੋਈ ਨਹੀਂ ਹੁੰਦੀ। ਬਚਾ ਦੁਨੀਆਂ ਵਿਚ ਆ ਕੇ ਫਿਰ ਕਿਸੇ ਨ ਕਿਸੇ ਭਾਸ਼ਾ ਦੇ ਸਹਾਰੇ ਉਸ ਸਿਰਜਨਹਾਰ ਦਾ ਸਿਮਰਨ ਸ਼ੁਰੂ ਕਰਕੇ ਮਾਤਾ ਦੇ ਗਰਭ ਵਾਲੇ ਸਿਮਰਨ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਜੇ ਮਨੁਖ ਦੇ ਭਾਗ ਚੰਗੇ ਹੋਣ ਤਾਂ ਉਸਦਾ (mental body) ਮਾਨਸਕ ਸਰੀਰ ਉਸ ਦੇ (Physical ਤੇ spirtual bodies) ਸਰੀਰਕ ਤੇ ਆਤਮਕ ਸਰੀਰਾਂ ਨੂੰ ਜੋੜ ਦੇਵੇ। ਇਹੀ ਉਸਦੇ ਪੂਰਬਲੇ ਕਰਮਾਂ ਦੇ ਅੰਕੁਰ ਫੁਟਣ ਦਾ ਸਬੂਤ ਹੈ ਜਿਸ ਨਾਲ ਕਿ ਫਿਰ ਉਹ ਉਸ ਦਾਤੇ ਦੀ ਦਰਗਾਹ ਵਿਚ ਕਬੂਲੀਅਤ ਹਾਸਲ ਕਰ ਸਕਦਾ ਹੈ। ਐਸੇ ਮਨੁਖ ਧਨਤਾ ਯੋਗ ਹਨ।

ਪ੍ਰਸ਼ਨ ੩ :—ਉਪਦੇਸ਼ ਕਰਨ ਯਾ ਮੰਤਰ ਦੇਣ ਦਾ ਅਧਿਕਾਰ ਕਿਸ ਨੂੰ ਹੈ ?

ਉਤਰ :—ਐਸਾ ਅਧਿਕਾਰ ਕੇਵਲ ਸਿਧ ਪੁਰਸ਼ ਨੂੰ ਹੀ ਹੈ ਜਿਸਨੇ ਆਪਣੇ ਆਪ ਨੂੰ ਆਪਣੇ "ਧੇਯ" ਦੇ ਨਾਲ ਇਕ-ਜੋਤ ਬਣਾ ਲਿਆ ਹੋਵੇ ਹੋਰ ਕਿਸੇ ਦੂਸਰੇ ਨੂੰ ਹਕ ਨਹੀਂ ਹੈ। ਦੂਸਰਾ ਕੇਵਲ ਮਾਨਸਕ ਰੂਪ ਵਿਚ (discuss) ਵਿਚਾਰ-ਵਟਾਂਦਰਾ ਹੀ ਕਰ ਸਕਦਾ ਹੈ। ਇਸ ਵਾਸਤੇ ਜੋ ਗੁਰਸਿਖ ਯਾ ਕੁਝ ਕੁ ਉਚੀ ਆਤਮਕ ਦਸ਼ਾ ਵਾਲੇ ਹੋਰ ਸਜਨ ਇਹ ਕੋਸ਼ਸ ਕਰਦੇ ਹਨ ਕਿ ਗੁਰੂ ਸਾਹਿਬਾਨ ਦੇ ਹੁਕਮਾਂ ਦਾ (substance) ਸਾਰਾਂਸ਼ ਦਸਕੇ ਉਸ ਵਿਚ ਆਪਣੀ ਚਤਰਾਈ




www.AKJ.Org

ਦੀ ਕੜਛੀ ਫੇਰਨ, ਇਹ ਗਲ ਗਲਤ ਹੈ। ਉਹ ਅਸਲ ਵਿਚ ਇਸ ਕਿਸਮ ਦੇ ਅਹੰਕਾਰ ਵਿਚ ਫਸੇ ਹੋਏ ਹੁੰਦੇ ਹਨ ਤੇ ਫਸੇ ਰਹਿੰਦੇ ਹਨ ਜੇਹੜਾ ਕਿ ਜ਼ਹਿਰ ਦੀ ਖੰਡ ਵਿਚ ਲਪੇਟੀ ਹੋਈ ਗੋਲੀ ਦੀ ਤਰ੍ਹਾਂ ਹੁੰਦਾ ਹੈ ਜਿਸਨੂੰ ਉਹ ਮਿੱਠਾ ਸਮਝ ਕੇ ਚੂਸਦੇ ਜਾਂਦੇ ਹਨ ਪ੍ਰੰਤੂ ਜ਼ਹਿਰ ਦੇ ਘਾਤਕ ਅਸਰ ਨਾਲ ਅੰਤ ਵਿਚ ਉਹ ਖਤਮ ਹੋ ਜਾਂਦੇ ਹਨ। ਸੋ ਗੁਰਸਿਖੋ, ਧੋਖੇਬਾਜਾਂ ਤੇ ਪਾਖੰਡੀਆਂ ਤੋਂ ਬਚੋ। ਜੁਗੋ ਜੁਗ ਅਟਲ ਗੁਰੂ ਗ੍ਰੰਥ ਸਾਹਿਬ ਤੇ ਪੂਰਾ ਵਿਸ਼ਵਾਸ ਰਖੋ। ਜੋ ਕੁਝ ਆਪ ਨੂੰ ਪ੍ਰਾਪਤ ਹੋਵੇਗਾ ਇਥੋਂ ਹੀ ਹੋਵੇਗਾ ਤੇ ਜ਼ਰੂਰ ਹੋਵੇਗਾ।

ਗੁਰੂ—ਮਰਯਾਦਾ ਅਨੁਸਾਰ ਗੁਰ-ਮੰਤਰ ਦੇਣ ਦਾ ਹਕ ਇਸ ਸਮੇਂ ਕੇਵਲ ਪੰਜਾਂ-ਪਿਆਰਿਆਂ ਨੂੰ ਹੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੈ ਹੋਰ ਕਿਸੇ ਸੰਤ, ਮਹਾਤਮਾਂ ਯਾ ਭਗਤ ਨੂੰ ਨਹੀਂ। ਐਸਾ ਕਰਨਾ ਗੁਰਮਤਿ ਦੇ ਵਿਰੁਧ ਹੈ।

ਪ੍ਰਸ਼ਨ ੪—"ਗੁਰ, ਗੋਵਿੰਦ, ਗੋਵਿੰਦ ਗੁਰੂ ਹੈ, ਤਾਂ ਮੈਂ ਭੇਦ ਨ ਭਾਈ" ਦੇ ਅਰਥ ਕੀ ਹਨ?

ਉੱਤਰ- (੧) ਗੁਰ (ਵਾਹਿਗੁਰੂ)



(੨) ਗੋਬਿੰਦ (ਬ੍ਰਹਮ ਗਿਆਨ)

(੩) ਗੁਰੂ (ਮੰਤਰ ਦੇਣ ਵਾਲਾ ਗੁਰੂ)

ਉਪਰਲੀ ਤਿਕੋਨ ਨੂੰ ਧਿਆਨ ਨਾਲ ਦੇਖਣ ਤੇ ਐਸਾ ਵਿਚਾਰਿਆ ਗਿਆ ਹੈ ਕਿ ਗੁਰ ਭਾਵ ਵਾਹਿਗੁਰੂ ਤੋਂ ਹੈ।

ਗੋਵਿੰਦ ਪਦ ਦਾ ਅਰਥ ਇਉਂ ਹੈ 'ਗੋ'= ਗਿਆਨ, ਵਿੰਦ=ਉਹ ਅਸਥਾਨ ਜਿਥੇ 'ਸ਼ਿਵ, ਤੇ 'ਸ਼ਕਤੀ' ਮਿਲਦੇ ਹਨ ਜੇਹੜਾ ਕਿ ਬਿੰਦੀ, ਬਿੰਦ ਯਾ Zero point ਹੈ। ਇਸ ਵਾਸਤੇ "ਗੋਵਿੰਦ" ਦਾ ਭਾਵ ਸ਼ਿਵ ਤੇ ਸ਼ਕਤੀ ਦੇ ਮਿਲਨ ਅਸਥਾਨ ਦੇ ਗਿਆਨ ਤੋਂ ਹੈ, ਅਰਥਾਤ "ਬ੍ਰਹਮ ਗਿਆਨ" ਤੋਂ ਹੈ। ਸੋ ਗੁਰ, ਗੋਵਿੰਦ ਤੇ ਗੁਰੂ ਦੀ ਇਕ triangle ਤਿਕੋਨ ਹੈ ਜਿਸ ਵਿਚ ਤਿੰਨਾਂ ਦਾ ਕੋਈ ਭਿੰਨ ਭੇਦ ਨਹੀਂ। ਜੈਸਾ ਕਿ ਗੁਰਬਾਣੀ ਕਹਿੰਦੀ ਹੈ ਇਹ ਤਿੰਨੇ ਇਕ ਬਰਾਬਰ ਤੇ ਇਕ ਸਮਾਨ ਹਨ "ਨਾਨਕ ਬ੍ਰਹਮ ਗਿਆਨੀ ਆਪ ਪ੍ਰਮੇਸਰ" (ਸੁਖਮਨੀ ਸਾਹਿਬ) ਤਿੰਨਾਂ ਦੀ ਅਭੇਦਤਾ ਦਾ ਪਰਤੱਖ ਪਰਮਾਣ ਹੈ।

ਪ੍ਰਸ਼ਨ ੫—ਗੁਰਸਿਖ ਨੂੰ ਗਿਰਾਵਟ ਵੀ ਆਉਂਦੀ ਹੈ। ਇਸ ਵਿਚ ਕੀ ਭੇਦ ਹੈ ਜੋ ਆਮ ਸਿਖ ਨਹੀਂ ਸਮਝ ਸਕਦੇ?

ਉਤਰ :—ਵਿਚਾਰ ਨੇ ਦਸਿਆ ਹੈ ਕਿ ਗੁਰਸਿਖ ਨੂੰ ਗਿਰਾਵਟ ਆਉਣਾ ਇਕ ਖਾਸ ਭੇਦ ਰਖਦਾ ਹੈ ਜਿਸਨੂੰ ਭਲੇ ਹੀ ਅਸੀਂ ਆਪਣੀ ਤੁਛ ਬੁਧੀ ਅਨੁਸਾਰ ਖਰਾਬ ਸਮਝੀਏ। ਪਰ ਇਹ ਸਭ ਕੁਝ ਠੀਕ ਹੈ ਜੋ ਦਾਤਾ ਕਰਦਾ ਹੈ ਕਿਉਂ ਜੋ :—

ਸਾਡੀ (personality) ਵਿਯਕਤਿਤਵ ਦੋ ਪ੍ਰਕਾਰ ਦੀ ਹੈ ਇਕ ਦ੍ਰਿਸ਼ਟ ਤੇ ਦੂਜੀ ਅਦ੍ਰਿਸ਼ਟ। ਅਦ੍ਰਿਸ਼ਟ ਉਹ ਹੈ ਜੋ ਸਾਡੇ ਪੂਰਬਲੇ ਕਰਮਾਂ ਨਾਲ ਬਣੀ ਹੈ ਤੇ ਦ੍ਰਿਸ਼ਟ ਉਹ ਹੈ ਜੋ ਸਾਡੇ ਹੁਣ ਦੇ ਦ੍ਰਿਸ਼ਟੀ ਗੋਚਰ ਕਰਮਾਂ ਵਾਲੀ ਹੈ। ਜਦੋਂ



www.AKJ.Org

ਅਸੀ ਸਿਮਰਨ ਯਾ ਬਾਣੀ ਆਦਿ ਵਿਚ ਲਗ ਜਾਂਦੇ ਹਾਂ ਸਾਡੇ ਕਰਮਾਂ ਦਾ ਅੰਕੁਰ ਫੁਟਿਆ ਹੋਇਆ ਹੁੰਦਾ ਹੈ। ਫੁਟਣ ਤੋਂ ਮਗਰੋਂ ਉਸਦੇ ਵਡੇ ਹੋਣ ਦਾ ਇਹੀ ਸਬੂਤ ਹੈ ਕਿ ਸਾਡਾ ਸੁਭਾਅ ਬਦਲਦਾ ਜਾਂਦਾ ਹੈ ਉਸ ਬੂਟੇ ਦਾ ਫਲ ਅਸੀਂ ਉਦੋਂ ਲੈਂਦੇ ਹਾਂ ਜਦੋਂ ਸਾਡੀ ਬਿਰਤੀ ਬਹੁਤ ਹੀ ਸਾਫ਼ ਹੋ ਜਾਂਦੀ ਹੈ। ਪਰ ਹੁਨ ਇਹ ਸਵਾਲ ਪੈਦਾ ਹੁੰਦਾ ਹੈ ਕਿ ਇਹ ਕੁਝ ਕਰਦਿਆਂ ਹੋਇਆਂ ਸਾਨੂੰ ਗਿਰਾਵਟ ਕਿਉਂ ? ਉਸਦਾ ਕਾਰਨ ਨੰ: ੧ ਤਾਂ ਦਾਤਾ ਹੀ ਜਾਣੇ ਕਿ ਸਾਡੇ ਲਈ ਕਿਸ ਕਿਸਮ ਦਾ ਇਲਾਜ, ਸਾਡੀ ਸ਼ੁਧਤਾ ਲਈ ਉਸਨੇ ਸੋਚ ਰਖਿਆ ਹੈ ਜੇਹੜਾ ਕਿ ਹਕੀਮ ਦੀ ਕੌੜੀ ਦਵਾਈ ਵਾਂਗੂ ਜ਼ਰੂਰ ਸਾਡੇ ਲਾਭ ਲਈ ਹੀ ਹੁੰਦਾ ਹੈ। ਪਰ ਦੂਜਾ ਕਾਰਨ ਇਹ ਹੈ ਕਿ ਚੂੰਕਿ ਸਾਡੀ (personality) ਦ੍ਰਿਸ਼ਟ ਤੇ ਅਦ੍ਰਿਸ਼ਟ ਕਰਮਾਂ ਦਾ ਜੋੜ ਹੁੰਦੀ ਹੈ। ਅਦ੍ਰਿਸ਼ਟ ਵਿਚ ਅਸਾਂ ਕੁਝ ਕੀਤੇ ਹੋਏ ਕਰਮਾਂ ਦੀ (ਜਿਨ੍ਹਾਂ ਦਾ ਸਾਨੂੰ ਚੇਤਾ ਨਹੀਂ ਹੁੰਦਾ)ਸਜ਼ਾ ਵੀ ਭੁਗਤਣੀ ਹੁੰਦੀ ਹੈ ਤੇ ਇਹ ਸਜ਼ਾ ਦੂਹਾਂ ਨੂੰ ਮਿਲਾਕੇ, ਉਨ੍ਹਾਂ ਦੇ ਫਲ ਸਰੂਪ ਸਾਨੂੰ ਮਿਲਣੀ ਹੁੰਦੀ ਹੈ ਇਸ ਵਾਸਤੇ ਅਸੀਂ ਹੈਰਾਨ ਹੋ ਜਾਂਦੇ ਹਾਂ ਕਿ ਇਤਨੇ ਚੰਗੇ ਕਰਮ ਕਰਦਿਆਂ ਹੋਇਆਂ ਵੀ ਇਹ ਹਾਲਤ ! ਤੇ ਕਿਸੇ ਵੇਲੇ ਇਸ ਹਦ ਤਕ ਵੀ ਸੋਚਦੇ ਹਾਂ ਕਿ ਸਾਡੇ ਉਤੇ ਰਬ ਨੇ ਜ਼ੁਲਮ ਕੀਤਾ ਹੈ ਪਰ ਸਾਨੂੰ ਐਸੀ ਹਾਲਤ ਵਿਚ ਇਹ ਮਹਾਂਵਾਕ ਨਹੀਂ ਭੁਲਨਾ ਚਾਹੀਦਾ—

"ਦਦਾ ਦੋਸ ਨ ਕਾਹੂ ਦੀਜੈ,
ਦੋਸ ਕਰਮਾਂ ਆਪਣਿਆ।
ਜੋ ਮੈਂ ਕੀਆ ਸੋ ਮੈਂ ਪਾਇਆਂ,
ਦੋਸ ਨ ਦੀਜੈ ਅਵਰ ਜਨਾ"

ਸੋ ਇਹ ਠੀਕ ਹੀ ਹੁੰਦਾ ਹੈ ਜੋ ਐਸੀ ਗਿਰਾਵਟ ਦਾ ਮੂੰਹ ਸਾਨੂੰ ਦੇਖਣਾ ਪੈਂਦਾ ਹੈ। ਸਾਨੂੰ "ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ" ਚੇਤੇ ਰਖਣਾ ਚਾਹੀਦਾ ਹੈ। ਇਹੀ ਗੁਰ-ਸਿਖ ਵਲੋਂ ਸ਼ੁਕਰਾਨੇ ਦਾ ਸਬੂਤ ਹੈ ਤੇ ਆਪਣੇ ਨਿਸ਼ਾਨੇ ਵਲ ਪਹੁੰਚਣ ਦਾ ਚਿਨ੍ਹ ਹੈ। ਹੁਕਮ ਰਜਾਈ ਚਲਨ ਵਿਚ ਕਬੂਲੀਅਤ ਹੈ ਤੇ ਦਾਤੇ ਦੀ ਖੁਸ਼ੀ ਹੈ। "ਹੁਕਮ ਰਜਾਈ ਜੋ ਚਲੇ ਸੋ ਪਵੇ ਖਜਾਨੇ"

ਪ੍ਰਸ਼ਨ ੬-ਜੋਗੀ ਤੇ ਗ੍ਰਹਸਥੀ ਦੀ ਗਿਰਾਵਟਾ ਦਾ ਫਰਕ ਕੀ ਹੈ ?

ਉਤਰ :—ਜੋਗੀ ਜਦੋਂ ਡਿਗੇਗਾ ਉਹ ਸੰਭਲ ਨਹੀਂ ਸਕੇਗਾ ਕਿਉਂ ਜੋ ਉਸਦਾ ਹਠ-ਯੋਗ ਉਤੇ ਆਸਰਾ ਹੁੰਦਾ ਹੈ। ਗ੍ਰਹਸਥੀ ਜਦੋਂ ਡਿਗੇਗਾ ਉਹ ਤਜਰਬਾ ਕਰੇਗਾ ਪਰ ਜੇ ਉਸਦੀ ਟੇਕ ਕਾਇਮ ਹੈ, ਉਹ ਆਪਣੇ ਧੁਰੇ ਤੋਂ ਨਹੀਂ ਉਖੜਿਆ ਤਾਂ ਫਿਰ ਉਹ ਸੰਭਲ ਜਾਏਗਾ ਫੇਰ ਉਹ ਜੁੜ ਜਾਇਗਾ ਤੇ ਇਸ ਵਾਰ ਤਜਰਬੇ ਤੋਂ ਮਗਰੋਂ ਪਕੀ ਤਰਾਂ ਜੁੜੇਗਾ। ਜੋਗੀ ਉਖੜਿਆ ਹੋਇਆ ਜੁੜ ਨਹੀਂ ਸਕਦਾ। ਉਹ ਵਿਸ਼ੇ ਵਿਕਾਰਾਂ ਦਾ ਝਲਕਾ ਵੇਖਕੇ, ਹੈਰਾਨ ਹੋਕੇ ਸ਼ਹਿਤ ਦੀ ਮਖੀ ਵਾਂਗੂ ਖੁਭ ਜਾਏਗਾ; ਸਭ ਕੁਝ ਉਜਾੜ ਬੈਠੇਗਾ। ਗੁਰੂ ਸਾਹਿਬਾਨ ਨੇ ਗੁਰ ਸਿਖ ਨੂੰ ਕਿਉਂ ਸਹਜ ਰਸਤਾ "ਗਾਡੀ ਰਾਹ" ਅਪ-ਨਾਉਣ ਦਾ ਹੁਕਮ ਦਿਤਾ ਹੈ ? ਇਸ ਲਈ ਕਿ ਇਕ ਤਾਂ ਗੁਰਸਿਖ ਲਈ ਡਿਗਨ ਦੀ ਸੰਭਾਵਨਾ



www.AKJ.Org

(possibility) ਘਟ ਰਹੇ, ਦੂਜੇ ਉਹ ਹੌਲੀ ਹੌਲੀ ਚੜ੍ਹਦਾ ਚੜ੍ਹਦਾ ਕਿਸੇ ਸਮੇਂ ਨੂੰ ਆਪਣੇ ਟਿਕਾਣੇ ਤੇ ਪਹੁੰਚ ਸਕੇ।

ਸੁਖਦੇਵ ਜੀ ਵਰਗੇ ਬ੍ਰਹਮ ਗਿਆਨੀ ਹੋਏ ਹਨ। ਉਨਾਂ ਤੋਂ ਮਗਰੋਂ ਕਈ ਹੱਠਯੋਗੀ ਵੀ ਹੋਏ। ਪਰ ਦੇਖਿਆ ਗਿਆ ਹੈ ਕਿ ਜੋਗੀ ਜਦੋਂ ਡਿਗੇ, ਖਤਮ ਹੋ ਗਏ। ਇਹ ਕਿਉਂ ? ਇਕ ਗ੍ਰਹਸਥੀ ਦੇ ਮੁਕਾਬਲੇ ਤੇ ਉਨ੍ਹਾਂ ਦਾ ਦੁਨੀਆਂ ਦੀਆਂ ਵਸਤੂਆਂ ਦੇ ਭੋਗ ਦਾ ਤਜਰਬਾ ਠੀਕ ਨਹੀਂ ਹੁੰਦਾ। ਸੋ ਜਦੋਂ ਵੀ ਉਨ੍ਹਾਂ ਉਤੇ ਮਾਇਆ ਦਾ ਹਮਲਾ ਕਾਮ ਰੂਪ ਯਾ ਕ੍ਰੋਧ ਰੂਪ ਵਿਚ ਹੋਇਆ ਉਨਾਂ ਨੇ ਆਪਣੇ ਆਪ ਨੂੰ ਖਤਮ ਕਰ ਲਿਆ। ਦੂਜਿਆਂ ਨੂੰ ਸਰਾਪ ਦੇ ਦਿਤਾ; ਆਪ ਵੀ ਇਸ ਵਿਚ ਭਸਮ ਹੋ ਗਏ, ਦੂਜਿਆਂ ਨੂੰ ਵੀ ਭਸਮ ਕਰ ਦਿਤਾ। ਆਪ ਭਰਿਸ਼ਟਾਚਾਰ ਜੋਗੀ ਬਣ ਕੇ ਫਿਰ ਆਪ ਆਪਣੀ (Purification) ਸ਼ੁਧਤਾ ਲਈ ਜਨਮ ਮਰਨ ਦੇ ਗੇੜ ਵਿਚ ਪੈ ਗਏ।

## ਸਹਾਇਤਾ ਸੂਰਾ

ਹੇਠ ਲਿਖੇ ਸਜਣਾਂ ਨੇ, ਗੁਰੂ ਘਰ ਦੀ ਸੇਵਾ ਨੂੰ ਮੁਖ ਰਖਦਿਆਂ ਹੋਇਆਂ, ਇਸ ਪ੍ਰਕਾਰ ਸੂਰੇ ਲਈ ਮਾਇਕ ਸਹਾਇਤਾ ਭੇਜੀ :—

| | | ਰੁਪਏ |
|---|---|---|
| (ੳ) | ਭਾਈ ਮਹਿੰਦਰ ਸਿੰਘ ਜੀ ਬਰੇਲੀ... ... | 11—00 |
| (ਅ) | ਭਾਈ ਗੁਰਬਚਨ ਸਿੰਘ ਜੀ ਹਰਦਵਾਰ ... ... | 5—00 |
| (ੲ) | ਇਕ ਗੁਰੂ ਦੇ ਲਾਲ ... ... | 51—00 |
| (ਸ) | ਭਾਈ ਪਿਆਰਾ ਸਿੰਘ ਜੀ ਜਲੰਧਰ। ... ... | 5—00 |



www.AKJ.Org

# ਸਮਾਗਮਾਂ ਦੇ ਪ੍ਰਬੰਧਕਾਂ ਦੇ ਧਯਾਨ ਦੇਣ ਯੋਗ ਇਕ ਸਿੰਘ ਦੀ ਚਿੱਠੀ

ੴ ਵਾਹਿਗੁਰੂ ਜੀ ਕੀ ਫਤਹਿ

ਸ੍ਰੀ ਮਾਨ ਐਡੀਟਰ ਸਾਹਿਬ ਜੀ,

ਬੇਨਤੀ ਹੈ ਕਿ ਦਾਸ ਕੁਝ ਸਮਾਗਮਾਂ ਬਾਰੇ ਹੱਡੀ ਵਰਤੇ ਵਿਰਤਾਂਤ ਲਿਖ ਕੇ ਭੇਜ ਰਹਿਆ ਹੈ ॥ ਆਸ ਕਰਦਾ ਹੈ ਕਿ ਆਪ ਜੀ ਸੂਰੇ ਵਿਚ ਛਾਪਕੇ ਪਰਉਪਕਾਰ ਕਰੋਗੇ ॥

ਅਕਲੀ ਸਾਹਿਬ ਸੇਵੀਐ, ਅਕਲੀ ਪਾਈਐ ਮਾਣ ॥

ਸਮਾਗਮ ਦੇ ਪ੍ਰਬੰਧਕ ਭਾਵੇਂ ਮਨੋਂ ਤਨੋਂ ਹੋ ਕੇ ਬਾਹਰੋਂ ਆਏ ਸਿੰਘਾਂ ਦੀ ਸੇਵਾ ਕਰਦੇ ਹਨ ਪਰ ਡੂੰਘੀ ਵਿਚਾਰ ਨ ਕਰਨ ਕਰਕੇ ਬਾਹਰੋਂ ਆਏ ਸਿੰਘਾਂ ਨੂੰ ਖਾਸੀ ਖੇਚਲ ਹੁੰਦੀ ਹੈ ॥ ਭਾਵੇਂ ਇਹ ਆਮ ਨਹੀਂ ਹੁੰਦਾ ਫਿਰ ਭੀ ਕਈ ਸਮਾਗਮਾਂ ਤੇ ਇਹ ਦੇਖਣ ਵਿਚ ਆਇਆ ਹੈ। ਦਾਸ ਇਥੇ ਜੋ ਦਾਸ ਨਾਲ ਮੁਸ਼ਕਲ ਪੇਸ਼ ਆਈ, ਉਹਨਾਂ ਹੀ ਕੇਵਲ ੩ ਸਮਾਗਮਾਂ ਦਾ ਜ਼ਿਕਰ ਕਰਦਾ ਹੈ।

(੧) ਲੁਧਿਆਣਾ ਪੋਹ ਸੁਦੀ ਸੱਤੇ ਦਾ ਸਮਾਗਮ ਹੋ ਰਹਿਆ ਸੀ ਕਿ ਦਾਸ ਬਚਿਆਂ ਸਮੇਤ ਉਥੇ ਪੁਜਿਆ ਤੇ ਇਕ ਬਚਾ ਤਾਂ ਛੇ ਕੁ ਮਹੀਨਿਆਂ ਦਾ ਹੀ ਸੀ ॥ ਦਾਸ ਨੂੰ ਪ੍ਰਬੰਧਕਾਂ ਵਿਚੋਂ ਇਕ ਸਜਨ ਨੇ ਇਕ ਸਿੰਘ ਦੇ ਨਾਲ ਭੇਜਿਆ (ਨਾਂ ਮੈਂ ਕਿਸੇ ਦਾ ਭੀ ਲਿਖਨਾ ਯੋਗ ਨਹੀਂ ਸਮਝਦਾ) ਉਸ ਨਾਲ ਦਾਸ ਉਸਦੇ ਘਰ ਬਚਿਆਂ ਸਮੇਤ ਕੋਈ ਅਠ ਕੁ ਬਜੇ ਪਹੁੰਚਿਆ ਤੇ ਦਾਸ ਨੂੰ ਉਨਹੇ ਇਕ ਬੈਠਕ ਵਿਚ ਬਿਠਾਇਆ ਤੇ ਮੈਂ ਉਥੇ ਬਚਿਆਂ ਸਮੇਤ ਕੋਈ ਬਾਰਾਂ ਬਜੇ ਤਕ ਬੈਠਾ ਰਹਿਆ ਤੇ ਉਸਨੇ ਕੋਈ ਆਰਾਮ ਦਾ ਪ੍ਰਬੰਧ ਨਹੀਂ ਕੀਤਾ ॥ ਮੈਂ ਉਡੀਕਦਾ ਰਹਿਆ ਫਿਰ ਉਹ ਕੋਈ ਬਾਰਾਂ ਬਜੇ ਆਇਆ ਤੇ ਆਰਾਮ ਦਾ ਪ੍ਰਬੰਧ ਕੀਤਾ ॥ ਮੈਂ ਉਸ ਨੂੰ ਕੁਝ ਨਹੀਂ ਪੁਛਿਆ ॥ ਇਉਂ ਜਾਪਦਾ ਸੀ ਜਿਵੇਂ ਕਿ ਉਹ ਸਾਨੂੰ ਬਠਾ ਕੇ ਭੁਲ ਹੀ ਗਿਆ ਹੋਵੇ ॥

(੨) ਪਟਿਆਲੇ ਦਾ ਸਮਾਗਮ ਸੀ ਦਾਸ ਭਾਵੇਂ ਕਲਾ ਹੀ ਸੀ ਪਰ ਮੇਰੇ ਨਾਲ ਇਕ ਮਿਲਟਰੀ ਦਾ ਮੇਜਰ ਬਚਿਆਂ ਸਮੇਤ ਸੀ ਉਹ ਜਾਪਦਾ ਸੀ ਕਿ ਸ਼ਾਇਦ ਪਹਿਲੀ ਦਫਾ ਹੀ ਸਮਾਗਮ ਤੇ ਆਇਆ ਸੀ ਭਾਵੇਂ ਜਥੇ ਵਿਚੋਂ ਤਿਆਰ ਬਰਤਿਆਰ ਸੀ ॥ ਅਸੀਂ ਟਾਂਗਾ ਕੀਤਾ ਤੇ ਸਮਾਗਮ ਅਸਥਾਨ ਤੇ ਗੁਰਦੁਆਰੇ ਪਹੁੰਚੇ ॥ ਉਥੇ ਸਾਮਾਨ ਲਾਹਿਆ ਤੇ ਕੋਈ ਘੰਟਾ ਕੁ ਖੜੋਤੇ ਰਹੇ ਕਈ ਸਿੰਘਾਂ ਨੂੰ ਪੁਛਿਆ ਕਿ ਆਰਾਮ ਕਰਨ ਲਈ ਕਿਹੜੇ ਕਮਰੇ ਹਨ ਪਰ ਉਹ ਕੇਵਲ ਏਨਾਂ ਹੀ ਕਹਿੰਦੇ ਸੀ ਕਿ ਤੁਹਾਡੇ ਨਾਲ ਆਦਮੀ ਭੇਜਦੇ ਹਾਂ ਠਿਕਾਨਾ ਸੰਗਤਾਂ ਦਾ ਦੂਜੀ ਜਗਾ ਹੈ ॥ ਇਸ ਤਰਾਂ ਕਈ ਸਿੰਘਾਂ ਨੇ



www.AKJ.Org

ਏਹੀ ਕਹਿਆ ਪਰ ਜੋੜਾ ਕਹਿੰਦਾ ਸੀ ਉਹ ਫਿਰ ਮੁੜਕੇ ਨਹੀਂ ਆਉਂਦਾਂ ਸੀ ॥ ਆਖਰ ਇਕ ਘੰਟੇ ਤੋਂ ਮਗਰੋਂ ਸਾਨੂੰ ਰਹਾਇਸ਼ ਅਸਥਾਨ ਤੇ ਪੁਚਾਇਆ ਗਿਆ ਪਰ ਉਥੇ ਕਮਰੇ ਸਾਰੇ ਰੁਕੇ ਹੋਏ ਸੀ ਤੇ ਇਕ ਕਮਰੇ ਨੂੰ ਤਾਲਾ ਲਗਿਆ ਹੋਇਆ ਸੀ ਉਸ ਕਹਿਆ ਕਿ, "ਮੈਂ ਚਾਬੀ ਲੇਕੇ ਔਂਦਾ ਹਾਂ ਤੁਸੀਂ ਬੈਠੋ"

ਉਹ ਤਕਰੀਬਨ ਤਿਨ ਚਾਰ ਘੰਟੇ ਨਾ ਮੁੜਿਆ ਅਸੀਂ ਬਰਾਂਡੇ ਵਿਚ ਹੀ ਬੈਠੇ ਰਹੇ ॥ ਫਿਰ ਜਾਕੇ ਉਹ ਆਇਆ ਤੇ ਤਾਲਾ ਖੋਲਿਆ, ਤੇ ਅਸੀਂ ਆਰਾਮ ਕੀਤਾ ॥ ਉਹ ਮੇਜਰ ਸਾਹਿਬ ਮੁੜ ਕਿਸੇ ਸਮਾਗਮ ਤੇ ਨਹੀਂ ਗਏ ।

(੩) ਬਟਾਲੇ ਦਾ ਸਮਾਗਮ ਜੋੜਾ, 26-8-71 ਨੂੰ ਹੀ ਹੋਇਆ ਹੈ ॥ ਰਹਾਇਸ਼ ਅਸਥਾਨ ਬਾਰੇ ਕੋਈ ਇਸ਼ਤਹਾਰ ਵਿਚ ਭੀ ਠੀਕ ਪਤਾ ਨਹੀਂ ਦਿਤਾ ਸੀ ਤੇ ਸੂਰੇ ਵਿਚ ਪਰੋਗਰਾਮ ਛਪਿਆ ਸੀ ਪਰ ਰਹਾਇਸ ਅਸਥਾਨ ਕੋਈ ਦਸਿਆ ਨਹੀਂ ਸੀ ॥ ਅੰਮ੍ਰਿਤਸਰ ਰੈਣ ਸਬਾਈ ਤੇ ਪਰੋਗਰਾਮ ਦਸਿਆ ਗਿਆ ਪਰ ਰਹਾਇਸ ਅਸਥਾਨ ਕੋਈ ਨਹੀਂ ਦਸਿਆ ॥ ਆਮ ਸੰਗਤਾਂ ਦਾ ਵਿਚਾਰ ਇਹ ਸੀ ਕਿ ਪਿਛਲੇ ਸਾਲ ਵਾਲੀ ਥਾਂ ਤੇ ਹੀ ਹੋਵੇਗਾ ॥ ਖਰ ਜਦ ਮੈਂ ਮੀਂਹ ਪੈਂਦੇ ਵਿਚ ਬਚਿਆਂ ਸਮੇਤ ਸਵੇਰੇ ਚਾਰ ਬਜੇ ਉਥੇ ਪੁਜਾ ਤਾਂ ਉਸ ਸਕੂਲ ਵਿਚ ਕੋਈ ਸਿੰਘ ਨਹੀਂ ਸੀ ਤੇ ਮੀਂਹ ਵਿਚ ਹੀ ਕੋਈ ਚਾਰ ਘੰਟੇ ਫਿਰ ਫਿਰਾਕੇ ਲਭਨ ਦੀ ਕੋਸਸ਼ ਕੀਤੀ ਪਰ ਕੋਈ ਪਤਾ ਨਾ ਲਗਾ ਆਖਰ ਇਕ ਸਿੰਘ ਮਿਲਿਆ ਤੇ ਉਸਨੇ ਦਸਿਆ ॥ ਉਸ ਸਕੂਲ ਵਿਚ ਕੋਈ ਆਦਮੀ ਭੀ ਨਹੀਂ ਖੜਾ ਕੀਤਾ ਜੋ ਠੀਕ ਠਕਾਨਾ ਦਸ ਸਕੇ ॥ ਐਸਾ ਹੋਨ ਨਾਲ ਦਾਸ ਨੂੰ ਕਾਫੀ ਖੇਚਲ ਹੋਈ ਤੇ ਕੁਝ ਬੁਖਾਰ ਭੀ ਹੋ ਗਿਆ ਤੇ ਜੋੜਾ, ਚਾਉ ਕੀਰਤਨ ਦੇ ਰੰਗ ਮਾਨਣ ਦਾ ਸੀ ਉਹ ਇਨ ਬਿਨ ਪੂਰਾ ਨਾ ਹੋ ਸਕਿਆ ॥ ਸਮਾਗਮ ਭਾਵੇਂ ਬਹੁਤ ਥੋੜੇ ਹੀ ਕੀਤੇ ਜਾਨ ਪਰ ਸੰਗਤਾਂ ਦੇ ਆਰਾਮ ਦਾ ਪੂਰਾ ਖਿਆਲ ਰਖਿਆ ਜਾਨਾ ਚਾਹੀਦਾ ਹੈ ॥ ਇਸ ਤਰਾਂ ਸਿੰਘ ਜ਼ਿਆਦਾ ਪੁਜ ਸਕਦੇ ਹਨ ਤੇ ਸਮਾਗਮ ਬਹੁਤ ਪ੍ਰਭਾਵਸ਼ਾਲੀ ਬਣ ਸਕਦੇ ਹਨ ॥

*ਸੰਪਾਦਕੀ ਨੋਟ :—*

ਸ੍ਰੀ ਗੁਰੂ ਰਾਮ ਦਾਸ ਜੀ ਫੁਰਮਾਉਂਦੇ ਹਨ :—

ਆਇ ਮਿਲ ਗੁਰ ਸਿਖ ਆਇ ਮਿਲ ਤੂ ਮੇਰੇ ਗੁਰੂ ਕੇ ਪਿਆਰੇ ।

ਹਮ ਹੋਵਹ ਲਾਲੇ ਗੋਲੇ ਗੁਰ ਸਿਖਾ ਕੇ ਜਿਨ੍ਹਾ, ਅਨਦਿਨੁ ਹਰਿ ਪ੍ਰਭੂ ਪੁਰਖੁ ਧਿਆਇਆ ।

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :—

ਤਿਸ ਚਰਣ ਖਪਾਲੀ ਜੋ ਤੇਰੈ ਮਾਰਗਿ ਚਾਲੈ । ਨੈਨ ਨਿਹਾਲੀ ਤਿਸੁ ਪੁਰਖ ਦਇਆਲੈ ।

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :—

ਕੁਰਬਾਣੀ ਤਿਨਾ ਗੁਰਸਿਖਾਂ ਸਾਧ ਸੰਗਤਿ ਚਲਿ ਜਾਇ ਜੁੜੰਦੇ ।



www.AKJ.Org

ਨਖ ਸਿਸ ਲਉ ਸਗਲ ਅੰਗ ਰੋਮ ਰੋਮ ਕਰਿ ਕਾਟਿ ਕਾਟਿ ਸਿਖਨ ਕੇ ਚਰਨ ਪਰ ਵਾਰੀਐ ।

ਆਪਣਾ ਫਰਜ਼ ਬਣਦਾ ਹੈ ਕਿ ਸਤਿਗੁਰੂ ਸਚੇ ਪਾਤਸ਼ਾਹ ਦੇ ਲਾਡਲੇ ਸਿੰਘਾਂ ਨੂੰ ਘਰ ਬੁਲਾਕੇ, ਜਿਸ ਤਰਾਂ ਹਜ਼ੂਰ ਨੇ ਤੇ ਭਾ: ਗੁਰਦਾਸ ਜੀ ਨੇ ਉਪਰ ਲਿਖੇ ਸ਼ਬਦਾਂ ਵਿਚ ਫੁਰਮਾਇਆ ਹੈ, ਇਸੇ ਰੂਪ ਵਿਚ ਦੇਖੀਏ। ਸੇਵਾ ਤਨ, ਮਨ, ਧੰਨ ਨਾਲ ਕਰੀਏ । ਕੋਈ ਊਣਤਾਈ, ਆਪਣੀ ਦਿਲ ਕਰਕੇ ਨਾ ਰਹੇ । ਸਤਿਗੁਰੂ ਦੀਆਂ ਖੁਸ਼ੀਆਂ ਤਾਂ ਹੀ ਹਨ ।

"ਆਇ ਸੰਤ ਪਰਾਹੁਣੇ ।" "ਮੇਰੀ ਖਲਹੁ ਮੌਜੜੇ ਗੁਰਸਿਖ ਹੰਢਾਂਦੇ ।"

ਐਡੀਟਰ

## ਕਿਰਪਾਨਾਂ

ਸੁੰਦਰ ਤੇ ਮਜ਼ਬੂਤ ਸ੍ਰੀ ਸਾਹਿਬਾਂ (ਗਾਤਰੇ ਵਿਚ ਪਾਉਣ ਵਾਲੀਆਂ) ਹੇਠ ਲਿਖੇ ਪਤੇ ਤੋਂ ਮੰਗਵਾ ਸਕਦੇ ਹੋ । ਮਿਆਨ ਸਰਬ ਲੋਹ ਯਾ ਪਿਤਲ ਦੀ ਸੁੰਦਰ ਵੇਲ ਵਾਲੇ ਮਿਲ ਸਕਦੇ ਹਨ ।

ਇੰਦਰਜੀਤ ਸਿੰਘ,
ਕਿਰਪਾਨਾਂ ਵਾਲੇ,
2 ਅਜੀਤ ਨਗਰ, ਅੰਮ੍ਰਿਤਸਰ



www.AKJ.Org

# ਕਾਹੇ ਪੂਤ ਝਗਰਤ ਹਉ ਸੰਗ ਬਾਪ
(ਸਾਰੰਗ ਮ:੪)
(ਨੌਜਵਾਨ ਬਚੇ ਬਚੀਆਂ ਲਈ ਖਾਸ ਲੇਖ)

ਵਲੋਂ : ਕੈਪਟਨ ਅਮ੍ਰੀਕ ਸਿੰਘ ਜੀ

## ਮੁਖਬੰਦ

ਝਗੜਿਆਂ ਦੀ ਤਾਂ ਜਿਵੇਂ ਰੁਤ ਹੀ ਹੈ। ਲੋਕ ਇਤਨੇ ਖ਼ੁਦ ਗ਼ਰਜ ਹੋ ਗਏ ਹਨ ਕਿ "ਲੈਣਾ ਹੀ ਲੈਣਾ" ਜਾਣਦੇ ਹਨ। ਦੇਣ ਦਾ ਨਾਮ ਹੀ ਨਹੀਂ। ਹੱਕ ਹੀ ਹੱਕ ਮੰਗਦੇ ਹਨ, ਫਰਜ਼ ਨੂੰ ਪਛਾਣਦੇ ਹੀ ਨਹੀਂ। ਇਸੇ ਲਈ ਝਗੜੇ ਹੁੰਦੇ ਹਨ। ਖ਼ੁਦਗ਼ਰਜ਼ੀ ਜੋ ਹੋਈ। ਪਰ ਪਿਤਾ ਪੁਤਰ ਦੇ ਝਗੜਿਆਂ ਵਿਚ ਹੋਰ ਵੀ ਬਹੁਤ ਕੁਝ ਲੁਕਿਆ ਪਿਆ ਹੈ। ਸਭ ਤੋਂ ਵਡਾ ਖਤਰਾ ਤਾਂ ਹੈ—INSTITUTION OF PARENTHOOD ਨੂੰ।"

ਜਨਮ-ਦਾਤਾ ਮਾਪਿਆਂ ਦਾ ਕਰਜ਼ ਤਾਂ ਆਖਰੀ ਦਮ ਤਕ ਅਸੀਂ ਨਹੀਂ ਦੇ ਸਕਦੇ। ਝਗੜਾ ਕਰਨਾ, ਅਗੋਂ ਬੋਲਨਾ, ਮਾਰਨਾ ਕਿਵੇਂ ਠੀਕ ਮੰਨਿਆ ਜਾ ਸਕਦਾ ਹੈ? ਮਥਾ ਵੀ ਟੇਕਣਾ ਤੇ ਅਗੋਂ ਵੀ ਬੋਲਣਾ ਕਿਵੇਂ ਜ਼ਾਇਜ ਹੋ ਸਕਦਾ ਹੈ? ਇਨ੍ਹਾਂ ਦੋਹਾਂ ਗਲਾਂ ਦਾ ਆਪੋ ਵਿਚ ਮੇਲ ਕੋਈ ਨਹੀਂ, ਇਹ ਤਾਂ ਮੁਢੋਂ ਹੀ ਗਲਤੀ ਹੋਈ :—

"ਸਲਾਮੁ ਜਬਾਬ ਦੋਵੈ ਕਰੇ
ਮੁੰਢਹੁ ਘੁਥਾ ਜਾਇ ॥" (ਆਸਾ ਦੀ ਵਾਰ)

## ਮੰਤਵ

ਇਸ ਲੇਖ ਦਾ ਮੰਤਵ, ਪਿਤਾ ਪੁਤਰ ਦੇ ਝਗੜਿਆਂ ਬਾਰੇ ਵਿਚਾਰ ਪਾਠਕ ਜੀ ਅਗੇ ਪੇਸ਼ ਕਰਨ ਦਾ ਹੈ।

## ਝਗੜੇ ਪੁਰਾਣੇ ਹੀ ਹਨ

ਭਾਵੇਂ ਪਿਤਾ ਪੁਤਰ ਦੇ ਝਗੜੇ ਕਿਡੇ ਹੀ ਮਾੜੇ ਹਨ, ਪਰ ਫਿਰ ਵੀ ਮੁਢ ਕਦੀਮ ਤੋਂ ਹੀ ਤੁਰੇ ਆ ਰਹੇ ਹਨ। ਹਾਂ! ਹੁੰਦੇ ਸਿਆਣਿਆਂ ਵਿਚ ਨਹੀਂ। ਇਤਿਹਾਸ ਵਿਚੋਂ ਬੇਅੰਤ ਮਿਸਾਲਾਂ ਬਾਦਸ਼ਾਹਾਂ ਦੇ ਪੁਤਰਾਂ ਵਲੋਂ ਪਿਤਾ ਦੇ ਖਿਲਾਫ਼ ਬਗ਼ਾਵਤਾਂ ਤੇ ਝਗੜਿਆਂ ਦੀਆਂ ਦਿਤੀਆਂ ਜਾ ਸਕਦੀਆਂ ਹਨ। (ਝਗੜੇ ਤਾਂ ਹੋਰ ਵੀ ਬਹੁਤ ਸਾਰੇ ਬੇਵਕੂਫ਼ ਲੋਕ ਪਿਤਾ ਦੇ ਵਿਰੁਧ ਕਰਦੇ ਰਹੇ ਹੋਣਗੇ ਪਰ ਚੂੰ ਕਿ ਇਤਿਹਾਸ ਕੇਵਲ ਰਾਜਿਆਂ-ਬਾਦਸ਼ਾਹਾਂ ਦਾ ਲਿਖੀਂਦਾ ਰਿਹਾ ਹੈ ਵਧੇਰੇ ਕਰਕੇ, ਇਸੇ ਲਈ ਮਿਸਾਲਾਂ ਵੀ ਉਨ੍ਹਾਂ ਦੀਆਂ ਦੇਣੀਆਂ ਸੌਖੀਆਂ ਹਨ) ਜਿਨ੍ਹਾਂ ਵਿਚੋਂ ਸ਼ਾਹਜਹਾਨ ਨੂੰ ਕੈਦ ਵਿਚ ਭੁਖਿਆਂ ਤੇ ਤਿਹਾਇਆਂ ਮਾਰਨ ਵਾਲੀ ਮਿਸਾਲ ਬਹੁਤ ਰੋਸ਼ਨ ਹੈ।

ਅਜ ਕਲ ਵੀ ਵਿਰਾਸਤ ਨੂੰ ਪ੍ਰਾਪਤ ਕਰਨ ਲਈ ਇਹੋ ਜਹੇ ਝਗੜੇ ਕੋਈ ਮੁਕ ਨਹੀਂ ਗਏ।



www.AKJ.Org

ਆਏ ਦਿਨ ਅਖਖਾਰਾਂ ਵਿਚ ਪੜ੍ਹਦੇ ਹਾਂ ਕਿ ਫਲਾਣੇ ਥਾਂ, ਪੁਤਰ ਨੇ, ਜਾਇਦਾਦ ਦੇ ਝਗੜੇ ਦੇ ਕਾਰਨ ਪਿਤਾ ਨੂੰ ਕਤਲ ਕਰ ਦਿਤਾ। ਅਮਕੇ ਨੇ "ਵਲਦ ਨਾ ਮਾਲੂਮ" ਲਿਖਾ ਕੇ ਆਪਣੇ ਪਿਤਾ ਦੇ ਵਿਰੁਧ ਕਚਹਿਰੀ ਵਿਚ ਮੁਕਦਮਾ ਚਲਾ ਦਿਤਾ

### *ਨਿਕੀਆਂ ਘਰੋਗੀ ਗੱਲਾਂ*

ਵਿਰਾਸਤ ਤਾਂ ਬੜੀ ਵਡੀ ਚੀਜ਼ ਸਮਝਦਾ ਹੋਵੇਗਾ ਕੋਈ, ਪਰ ਝਗੜੇ ਤਾਂ ਨਿਕੀਆਂ ਗਲਾਂ ਤੋਂ ਵੀ ਹੁੰਦੇ ਹਨ ਪਏ। ਘਰ ਘਰ ਦੀਆਂ ਗਲਾਂ ਵਿਚ ਇਹ ਆਮ ਸੁਣਨ ਵਿਚ ਆਉਂਦਾ ਹੈ ਕਿ ਫ਼ਲਾਣੇ ਨੇ ਅਪਣੇ ਪਿਤਾ ਨੂੰ ਕੰਜਰ ਕਹਿ ਕੇ ਸਨਮਾਨਿਆ। ਫਲਾਣੇ ਨੇ ਬੇ ਮੁਖ ਰਾਖਸ਼ਸ ਦਾ ਖਿਤਾਬ ਪਿਤਾ ਨੂੰ ਦਿਤਾ। ਅਮਕਿਆਂ ਨੇ ਆਪਣੇ ਪਿਤਾ ਨੂੰ ਕੁਟ ਕੁਟ ਕੇ ਮੁੰਜ ਬਣਾ ਦਿਤਾ ਤੇ ਅਮਕਿਆਂ ਨੇ ਪਿਤਾ ਨੂੰ ਮਾਰਣ ਕੁਟਣ ਦਾ ਦ੍ਰਿਸ਼ ਗਲੀ ਮਹਲੇ ਨੂੰ ਵਿਖਾਇਆ। ਫਲਾਣੇ ਦਾ ਪਿਤਾ ਪੁਤਰਾਂ ਦੀ ਮਾਰ ਦੀ ਤਾਬ ਨਾ ਲਿਆ ਸਕਿਆ ਤੇ ਥਾਏਂ ਹੀ ਮਰ ਗਿਆ।

### ਸਭਯਾਚਾਰ

ਸਭਯ ਜੀਵ ਤਾਂ ਭਾਵੇਂ ਕਿਸੇ ਦੇਸ਼, ਧਰਮ ਦੇ ਵੀ ਹੋਣ ਉਹ ਪਿਤਾ ਦਾ ਸਨਮਾਨ ਜ਼ਰੂਰੀ ਹੀ ਦਸਣਗੇ। ਸਾਡੀਆਂ ਬਚਪਨ ਦੀਆਂ ਪਾਠ ਪੋਥੀਆਂ ਵਿਚ ਅਜਿਹੀ ਇਕ ਵਾਰਤਾ ਵੀ ਹੁੰਦੀ ਸੀ, ਜਿਸ ਵਿਚ ਪਿਤਾ ਨਾਲ ਘਟੀਆ ਸਲੂਕ —ਨਿਰਾਦਰ— ਕਰਨ ਵਾਲੇ ਦੇ ਪੁਤਰ ਨੇ, ਅਪਣੇ ਦਾਦੇ ਦੇ ਮਰਨ ਉਪ੍ਰੰਤ ਪਾਣੀ ਵਾਲਾ ਲੋਟਾ ਬਾਹਰ ਸੁਟੇ ਜਾਣ ਤੇ ਰੋਣਾ ਸ਼ੁਰੂ ਕਰ ਦਿਤਾ ਸੀ। ਪ੍ਰਸ਼ਨ ਤੇ ਬਾਲਕ ਨੇ ਉਤਰ ਦਿਤਾ ਸੀ, ਕਿ ਪਿਤਾ ਜੀ! ਤੁਸੀਂ ਬੁਢੇ ਹੋ ਜਾਓਗੇ ਤਾਂ ਮੈਨੂੰ ਨਵਾਂ ਲੋਟਾ ਤੁਹਾਡੇ ਲਈ ਲਿਆਉਣਾ ਪਏਗਾ। ਇਸ ਲਈ ਮੈਂ ਇਸ ਘਾਟੇ ਨੂੰ ਰੋ ਰਿਹਾ ਹਾਂ। ਇਹ ਸੁਣ ਕੇ ਸ਼ਾਇਦ ਪਿਓ ਦੀਆਂ ਅਖਾਂ ਖੁਲ੍ਹੀਆਂ ਹੋਣਗੀਆਂ, ਪਰ ਹੁਣ ਮੌਕਾ ਹਥੋਂ ਲੰਘ ਚੁਕਾ ਸੀ। ਜੇ ਕਰ ਜਿਊਂਦੇ ਪਿਤਾ ਦੀ ਸੇਵਾ ਉਹ ਮਨੁਖ ਕਰਦਾ ਤਾਂ ਪੁਤਰ ਨੂੰ ਚੰਗਾ ਸਬਕ ਮਿਲਦਾ।

ਇਸੇ ਤਰਾਂ ਇਕ ਮਨੁਖ ਦੀ ਚਿਖਾ ਉਤੇ ਰਸਮੀ ਕਾਰਨਾਂ ਕਰਕੇ, ਦੇਸੀ ਘਿਓ ਦੇ ਕਈ ਟੀਨ ਪਾਉਂਦੇ ਹੋਏ ਕਿਸੇ ਬੰਦੇ ਨੂੰ ਇਕ ਸਿਆਣੇ ਨੇ ਇਹ ਮਤ ਦਿਤੀ ਸੀ ਕਿ ਭਾਈ ਜੇ ਇਹੀ ਘਿਓ ਦੇ ਪੀਪੇ ਤੂੰ ਆਪਣੇ ਜੀਉਂਦੇ ਪਿਤਾ ਦੀ ਸੇਵਾ ਵਿਚ ਵਰਤਦੋਂ ਤਾਂ ਸ਼ਾਇਦ ਉਹ ਕਿਨਾ ਹੀ ਚਿਰ ਸਿਹਤਮੰਦ ਤੇ ਜੀਵਤ ਰਹਿੰਦਾ। ਭਾਵ, ਪਿਤਾ ਦੀ ਸੇਵਾ ਤੇ ਆਗਿਆਕਾਰਤਾ ਦਾ ਉਪਦੇਸ਼, ਤੇ ਪਿਤਾ ਦੇ ਨਿਰਾਦਰ ਦੀ ਨਿਖੇਧਤਾ ਦਾ ਸਬਕ ਸਾਨੂੰ ਪਰਾਚੀਨਤਾ ਤੋਂ ਮਿਲਦਾ ਆ ਰਿਹਾ ਹੈ।

### *ਝਗੜੇ ਕਿਉਂ*

(੧) ਕਈ ਲੋਕ ਇਹ ਕਹਿੰਦੇ ਹਨ ਕਿ ਅਸੀ ਤਾਂ ਆਪਣੇ ਜੀਵਨ ਨੂੰ ਸੁਚੱਜਾ ਬਣਾ ਲਿਆ ਹੈ, ਧਰਮ ਕਰਮ ਵਿਚ ਲਗਾ ਕੇ। ਪਰ ਸਾਡੇ ਮਾਤਾ ਪਿਤਾ ਜੀ ਹਾਲੇ ਵੀ ਅਗਿਆਨਤਾ ਵਿਚ ਹੀ—ਪਿਛਾਂ ਖਿਚੂ ਭਰਮਾਂ ਵਹਿਮਾਂ ਤੇ ਅਪਣੀ ਮਨਮਤ ਵਿਚ ਹੀ ਗਰੱਸੇ ਹੋਏ ਹਨ। ਇਸ ਲਈ ਸਾਡੀ ਉਨ੍ਹਾਂ ਨਾਲ ਬਣਦੀ ਨਹੀਂ। ਪੱਕੇ ਮਾਇਆ ਧਾਰੀ ਹਨ, ਮਨਮੁਖ ਹਨ। ਇਥੋਂ



www.AKJ.Org

ਤਕ ਪੜ੍ਹਨ ਵਿਚ ਆਇਆ ਹੈ ਕਿ ਸਿੰਘ ਅੰਮ੍ਰਿਤ ਛਕ ਕੇ ਆਪਣੇ ਮਾਪਿਆਂ ਨੂੰ ਮਿਲਨਾ ਗਿਲਨਾ ਵੀ ਅਯੋਗ ਸਮਝਦੇ ਹਨ । 'ਮੁਰਦਿਆਂ ਦੇ ਮੇਲੇ' ਸਮਝਦੇ ਹਨ । ਗਲ ਕਰਨਾ ਵੀ ਪਾਪ ਸਮਝਦੇ ਹਨ । ਇਹ ਹਉਮੈ ਹੈ । ਭਾਵੇਂ ***"ਜੀਊਂਦਿਆਂ ਦੇ ਮੇਲੇ"*** ਲੇਖ ਵਿਚ ਬਜ਼ੁਰਗ ਤੇ ਬੇਕਸੂਰ ਮਾਤਾ, ਜਿਨ੍ਹੇ ਆਪਣੇ ਪੁਤਰ ਪੋਤਿਆਂ ਨੂੰ ਘਰ ਬੁਲਾਉਣ ਲਈ ਸਭ ਕੁਝ ਕੀਤਾ, ਅਖੰਡ ਪਾਠ ਕਰਵਾਇਆ, ਗੁਰਮਤ ਨੂੰ ਸਵੀਕਾਰ ਕੀਤਾ, ਅਪਣੇ ਪੁਤਰ ਦੇ ਨਾਵਾਜਬ ਰਵਈਏ ਦੇ ਕਾਰਨ ਪ੍ਰਾਣ ਤਿਆਗ ਗਈ । ਪਰ ਹੋ ਸਕਦਾ ਹੈ ਕਿ ਜੇ ਕੋਈ ਹੋਰ ਮਾਤਾ ਪਿਤਾ ਹੁੰਦਾ ਤਾਂ ਸ਼ਾਇਦ ਝਗੜੇ ਦੀ ਜੜ੍ਹ ਬਝ ਜਾਂਦੀ । ਅਜਿਹਾ ਮਾਤਾ ਪਿਤਾ ਦੀ ਨਿਰਾਦਰੀ ਵਾਲਾ ਰਵਈਆ ਅਖਤਿਆਰ ਕਰਨ ਵਾਲੇ ਪੁਤਰਾਂ ਨੂੰ ਭਾਈ ਗੁਰਦਾਸ ਜੀ ਦੀ ਵਾਰ ਯਾਦ ਰਹੇ :—

ਮਾਂ ਪਿਉ ਪਰਹਰਿ ਸੁਣੈ ਵੇਦ,
ਭੇਦ ਨ ਜਾਣੈ ਕਥਾ ਕਹਾਣੀ ।
ਮਾਂ ਪਿਉ ਪਰਹਰਿ ਕਰੈ ਤਪੁ,
ਵਣਖੰਡ ਭੁਲਾ ਫਿਰੈ ਬਿਬਾਣੀ ।
ਮਾਂ ਪਿਉ ਪਰਹਰਿ ਕਰੈ ਪੂਜ,
ਦਵੀ ਦੇਵ ਨ ਸੇਵ ਕਮਾਣੀ ।
ਮਾਂ ਪਿਉ ਪਰਹਰਿ ਨਾਵਣਾ,
ਅਠਸਠ ਤੀਰਥ ਘੁੰਮਣਵਾਣੀ ।
ਮਾਂ ਪਿਉ ਪਰਹਰਿ ਕਰੈ ਦਾਨ,
ਬੇਈਮਾਨ ਅਗਿਆਨ ਪਰਾਣੀ ।
ਮਾਂ ਪਿਉ ਪਰਹਰਿ ਵਰਤਿ ਕਰ,
ਮਰਿ ਮਰਿ ਜਮੇ ਭਰਮ ਭੁਲਾਣੀ ।
ਗੁਰ ਪਰਮੇਸਰ ਸਾਰ ਨ ਜਾਣੀ ॥ ੧੩ ॥
(੩੭, ੧੩)

(੨) ਕਈ ਕਹਿੰਦੇ ਹਨ, ਬੁਢਿਆਂ ਨੂੰ (ਮਾਤਾ ਪਿਤਾ ਨੂੰ) ਅਕਲ ਨਹੀਂ, ਜਵਾਨ ਬਚਿਆਂ ਨੂੰ ਸੰਭਾਲਣ ਦੀ । ਉਹ ਸਾਨੂੰ ਅਜਕਲ ਦੇ ਸਮੇਂ ਅਨੁਸਾਰ ਜੀਵਨ ਵਿਚ ਆਜ਼ਾਦੀ ਨਹੀਂ ਲੈਣ ਦੇਂਦੇ । ਥੋੜ੍ਹੇ ਹੀ ਸਮੇਂ ਦੀ ਗਲ ਹੈ, ਕਿ ਇਕ ਯੁਵਕ, ਪਿਤਾ ਦੀ ਚੜ੍ਹਾਈ ਉਪ੍ਰੰਤ ਤਿਆਰ ਬਰ ਤਿਆਰ ਹੋ ਗਿਆ । ਮਾਤਾ ਨੇ ਧਨ ਭਾਗ ਸਮਝੇ । ਪੁਤਰ ਨੂੰ ਕਿਸੇ ਕਾਰਨ ਚੋਟਾਂ ਆਈਆਂ, ਮਾਤਾ ਨਸੀ ਭਜੀ ਫਿਰੀ ਕਿ ਕਿਵੇਂ ਪੁਤਰ ਨੂੰ ਸਿਹਤ ਹੋਵੇ । ਪਰ ਸਿਹਤ ਹੋ ਜਾਣ ਤੇ ਮਾਤਾ ਦੀ ਕਦਰ ਮੂਲ ਨਾ ਜਾਣੀ ਤੇ ਵਿਧਵਾ ਮਾਤਾ ਨੂੰ ਛੋਟੇ ਭੈਣ ਭਰਾਵਾਂ ਸਮੇਤ, ਰੁਲਣ ਲਈ ਛਡ ਕੇ ਭਜ ਖੜੋਤਾ—ਮਾਤਾ ਨੂੰ ਬੇ-ਸਰੋ-ਸਾਮਾਨ ਛਡ ਕੇ । ਕਿਉਂ ? ਮਾਤਾ ਮੇਰੀ ਮਰਜ਼ੀ ਨਹੀਂ ਕਰਦੀ । ਇਹ ਯੁਵਕ ਅਪਣੇ ਆਪ ਨੂੰ ਵਧੇਰੇ ਸਿਆਣਾ ਸਮਝਦਾ ਤੇ ਮਾਤਾ ਨੂੰ ਮੂਰਖ । ਕਿਡੀ ਅਧੋਗਤੀ ਦੀ ਹਾਲਤ ਹੈ ।

(੩) ਕਈ ਕਹਿੰਦੇ ਹਨ—ਅਜਕਲ ਜ਼ਮਾਨਾ ਮਾਡਰਨ ਹੋ ਰਿਹਾ ਹੈ । ਸਾਡੇ ਮਾਤਾ ਪਿਤਾ ਸਾਨੂੰ ਮਜਬੂਰ ਕਰਦੇ ਹਨ ਧਾਰਮਕ ਜੀਵਨ ਲਈ । ਨ ਇਹ ਧਰਮ ਕੋਈ ਚੀਜ਼ ਹੈ ਨ ਗਲ । ਬਸ ਐਵੇਂ ਭਰਮਾਂ ਵਹਿਮਾਂ ਵਿਚ ਫਸੇ ਹੋਏ ਹਨ । ਸਾਨੂੰ ਵੀ ਉਧਰ ਹੀ ਧਕਣਾ ਚਾਹੁੰਦੇ ਹਨ । ਪਾਠ ਕਰੋ, ਅੰਮ੍ਰਿਤ ਛਕੋ, ਇਹ ਤਾਂ ਪੁਰਾਣੀਆਂ ਗਲਾਂ



www.AKJ.Org

ਹਨ । ਪਰ ਕੌਣ ਸਮਝਾਏ ਸਾਡੇ ਪਿਤਾ ਜੀ ਨੂੰ । ਅਵੇਂ ਰੋਜ਼ ਮਗਰ ਪਏ ਰਹਿੰਦੇ ਹਨ, ਜੇ ਅਸੀ ਅਗੋਂ ਕੁਛ ਕਹਿੰਦੇ ਹਾਂ, ਤਾਂ ਝਗੜਾ ਪੈ ਜਾਂਦਾ ਹੈ ।

(੪) ਕੁਝ ਅਜਿਹੇ ਵੀ ਹਨ ਜਿਹੜੇ ਮੰਨਦੇ ਹਨ ਕਿ ਸਾਡੇ ਮਾਪੇ ਹੈਨ ਤਾਂ ਬੜੇ ਸਿਆਣ ਪਰ ਸਾਡੀ ਉਨ੍ਹਾਂ ਨਾਲ ਰਾਏ ਨਹੀਂ ਮਿਲਦੀ ॥

## *ਸਾਰੰਸ਼-ਗੁਰਮਤ*

ਜੇ ਉਪ੍ਰੋਕਤ ਚਹੁੰ ਗਲਾਂ ਨੂੰ ਗਹੁ ਨਾਲ ਵੀਚਾਰੀਏ ਤਾਂ ਚਾਰ ਖਾਸ ਹਾਲਤਾਂ—ਮੂਲ ਕਾਰਨ—ਨਜ਼ਰ ਆਉਣਗੀਆਂ । ਹਰ ਪਿਤਾ ਪੁਤਰੀ ਝਗੜੇ ਦੇ ਪਿਛੋਕੜ ਵਿਚ ਹੇਠ ਲਿਖੀਆਂ ਇਹਨਾਂ ਚਹੁਆਂ ਵਿਚੋਂ ਕੋਈ ਨ ਕੋਈ ਹਾਲਤ ਜ਼ਰੂਰ ਮਿਲੇਗੀ-ਕੰਮ ਕਰਦੀ ਦਿਸੇਗੀ ।

(੧) ਪਿਤਾ ਅਗਿਆਨੀ—ਪੁਤਰ ਗਿਆਨੀ
(੨) ਪਿਤਾ ਬੁਢੇਪੇ —ਪੁਤਰ ਜੁਵਾਨੀ
(੩) ਪਿਤਾ ਗਿਆਨੀ —ਪੁਤਰ ਅਗਿਆਨੀ
(੪) ਪਿਤਾ ਸਿਆਣਾ —ਪੁਤਰ ਵੀ ਸਿਆਣਾ ਪਰ ਘਟ

ਪਰ ਫਿਰ ਵੀ, ਇਨ੍ਹਾਂ ਕਾਰਨਾਂ ਕਰਕੇ ਜਾਂ ਕਿਸੇ ਵੀ ਕਾਰਨ ਕਰ ਕੇ ਮਾਤਾ ਪਿਤਾ ਨਾਲ ਲੜਾਈ ਕਰਨੀ ਯੋਗ ਨਹੀਂ ॥

ਗੁਰ ਸਿਖਾਂ ਵਾਸਤੈ, ਗੁਰੂ ਸਾਹਿਬਾਨ ਦਾ ਜੀਵਨ ਸਭ ਤੋਂ ਵਡੀ ਮਿਸਾਲ ਹੈ॥ ਗੁਰੂ ਘਰ ਵਿਚ ਹੀ ਚਹੁਆਂ ਹਾਲਤਾਂ ਦੀਆਂ ਮਿਸਾਲਾਂ ਮਿਲ ਜਾਂਦੀਆਂ ਹਨ ॥

(੧) ਪਿਤਾ ਕਾਲੂ ਜੀ—ਮਾਇਆ ਵਲ ਚਿਤ
ਪੁਤਰ—ਗੁਰੂ ਨਾਨਕ ਸਾਹਿਬ—ਗਿਆਨ ਭੰਡਾਰ

(੨) ਪਿਤਾ ਗੁਰੂ ਅਮਰ ਦਾਸ ਜੀ—ਬੁਢੇਪੇ—੧੧੧ ਸਾਲ
ਪੁਤਰ (ਜਵਾਈ) ਗੁਰੂ ਰਾਮਦਾਸ ਜੀ—ਲਗ ਭਗ ੪੦ ਸਾਲ

(੩) ਪਿਤਾ, ਗੁਰੂ ਰਾਮਦਾਸ ਜੀ—ਗਿਆਨ ਭੰਡਾਰ
ਪੁਤਰ ਪ੍ਰਿਥੀ ਚੰਦ —ਅਗਿਆਨੀ

(੪) ਪਿਤਾ—ਗੁਰੂ ਹਰਗੋਬਿੰਦ ਸਾਹਿਬ ਜੀ—ਗਿਆਨ ਭੰਡਾਰ
ਪੁਤਰ—ਬਾਬਾ ਅਟਲ ਰਾਏ ਜੀ—ਗਿਆਨੀ

ਹੁਣ ਸੋਚੀਏ ! ਗੁਰੂ ਨਾਨਕ ਸਾਹਿਬ ਜੀ ਨੇ ਕਦੀ ਪਿਤਾ ਜੀ ਨਾਲ ਝਗੜਾ ਨਹੀਂ ਕੀਤਾ । ਸਗੋਂ ਸਭ ਕੁਝ ਜਾਣਦਿਆਂ ਹੋਇਆਂ ਵੀ, ਦੋ ਬਚਿਆਂ ਦੇ ਪਿਤਾ ਹੁੰਦਿਆਂ ਹੋਇਆਂ 35 ਸਾਲ ਦੀ ਉਮਰ ਵਿਚ ਪਿਤਾ ਜੀ ਪਾਸੋਂ ਚਪੇੜ ਖਾਧੀ, ਅਗੋਂ ਨਹੀਂ ਬੋਲੇ ।

ਗੁਰੂ ਅਮਰਦਾਸ ਪਾਤਸ਼ਾਹ ਜੀ ਦੇ ਥੜੇ ਬਣਾਣ ਤੇ ਢਾਣ, ਫਿਰ ਢਾਣ, ਤੇ ਫਿਰ ਬਣਾਣ ਦੀ ਖੇਡ ਵੇਖਦੇ ਹੋਏ ਆਗਿਆ ਦਾ ਪਾਲਨ ਕਰੀ ਗਏ, ਇਹ ਨਹੀਂ ਆਖਿਆ ਬੁਢੇ ਹੋ ਗਏ ਹਨ-ਘੜੀ ਘੜੀ ਢੁਆਈ ਜਾਂਦੇ ਹਨ ਥੜਾ । ਧੰਨ ਗੁਰੂ ਰਾਮਦਾਸ ॥

ਬਾਬਾ ਅਟਲ ਰਾਏ ਜੀ ਕਰਾਮਾਤਾਂ ਦੇ ਮਾਲਕ ਸਨ ਤੇ ਗੁਰੂ ਪਿਤਾ ਗਿਆਨ ਦੇ ਭੰਡਾਰ । ਬਾਬਾ ਅਟਲ ਰਾਏ ਜੀ ਨੇ ਫਿਰ ਵੀ ਆਗਿਆ ਦਾ ਪਾਲਨ ਕੀਤਾ । ਪਿਤਾ ਜੀ ਦੇ ਕਹਿਣ ਤੇ



www.AKJ.Org

-ਕਰਾਮਾਤ ਕਿਉਂ ਵਿਖਾਈ ?—ਅਗੋਂ ਝਗੜਾ ਨਹੀਂ ਕੀਤਾ ॥

ਗੁਰੂ ਘਰ ਵਿਚੋਂ ਉਪ੍ਰੋਕਤ ਮਸਾਲਾਂ ਪੜ੍ਹ ਕੇ **ਸਾਨੂੰ,** ਅਜ ਦੇ ਲੜਾਕੇ ਪੁਤਰਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ, ਅਸੀ ਜ਼ਰਾ ਜ਼ਰਾ ਗਲ ਤੋਂ ਪਿਤਾ ਮਾਤਾ ਦੇ ਅਗੋਂ ਬੋਲ ਪੈਂਦੇ ਹਾਂ। ਸਾਡੇ ਵਰਗਿਆਂ ਲਈ ਗੁਰੂ ਰਾਮਦਾਸ ਪਾਤਸ਼ਾਹ ਜੀ ਅਤੇ ਪ੍ਰਿਥੀ ਚੰਦ ਦੀ ਵਾਰਤਾ ਤੋਂ ਜਾਣੂ ਹੋਣਾ ਜ਼ਰੂਰੀ ਹੈ ॥ ਪ੍ਰਿਥੀ ਚੰਦ ਮਾਇਆ ਦੇ ਲਾਲਚ ਵਿਚ ਤੇ ਆਪਣੀ ਸਿਆਣਪ ਦੇ ਹੰਕਾਰ ਵਿਚ ਆਕੇ ਪਿਤਾ ਗੁਰੂ ਰਾਮਦਾਸ ਜੀ ਦੀ ਵਡਿਆਈ ਨੂੰ ਹੀ ਭੁਲ ਬੈਠਾ। ਪੁਤ ਕਪੁਤ ਹੋ ਨਿਕਲਿਆ। ਅਗਿਆਨਤਾ ਵਿਚ ਪਿਤਾ ਦੀ ਸਾਰ ਨ ਜਾਣੀ, ਬੋਲ ਕਬੋਲ ਬੋਲੇ। ਪਰ, ਪਿਤਾ ਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਫਿਰ ਵੀ ਸੁਧਾਰ ਹਿਤ ਉਪਦੇਸ਼ ਦਿਤਾ :—

ਸਾਰੰਗ ਮਹਲਾ ੪

ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ,
ਤਿਨ ਸਿਉ ਝਗਰਤ ਪਾਪ ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ,
ਸ ਧਨੁ ਕਿਸਹਿ ਨ ਆਪ ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸ
ਤਉ ਲਾਗੈ ਪਛੁਤਾਪ ॥ ੧ ॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ
ਹਰਿ ਤਿਨ ਕੇ ਜਾਪਹੁ ਜਾਪ ॥
ਉਪਦੇਸੁ ਕਰਤ ਨਾਨਕ ਜਨ ਤੁਮ ਕਉ
ਜਉ ਸੁਨਹੁ ਤਉ ਜਾਇ ਸੰਤਾਪ ॥੨॥੧॥

(ਪੰਨਾ ੧੨੦੦ ਅੰਬ:)

ਸੋ ਭਾਈ ਪਾਠਕ ਜਨੋ! ਪਿਆਰਿਉ। ਗੁਰਮੁਖੋ!

"ਪ੍ਰਥਾਇ ਸਾਖੀ ਮਹਾਂ ਪੁਰਖ ਬੋਲਦੇ
ਸਾਂਝੀ ਸਗਲ ਜਹਾਨੈ ॥"

ਦੇ ਹੁਕਮ ਅਨੁਸਾਰ ਇਹ ਉਪਦੇਸ਼ ਸਾਡੇ ਤੇ ਵੀ ਲਾਗੂ ਹੈ। ਗੁਰੂ ਘਰ ਵਿਚੋਂ ਸਾਨੂੰ ਇਹ ਉਪ੍ਰੋਕਤ, ਨਿਗਰ ਮਿਸਾਲਾਂ ਪ੍ਰਤਖ ਉਪਦੇਸ਼ ਦ੍ਰਿੜਾ ਰਹੀਆਂ ਹਨ ਕਿ ਮਾਤਾ ਪਿਤਾ ਨਾਲ ਕਿਸੇ ਕਾਰਨ ਵੀ ਝਗੜਾ ਕਰਨਾ ਪਾਪ ਹੈ ਤੇ ਇਸੇ ਲਈ ਸਾਨੂੰ ਹਰ ਕੀਮਤ ਤੇ ਇਸ ਤੋਂ ਬਚਣਾ ਚਾਹੀਦਾ ਹੈ ॥



www.AKJ.Org

ੴ ਧੰਨ ਗੁਰੂ ਨਾਨਕ ! ਧੰਨ ਗੁਰੂ ਨਾਨਕ ! ਧਨ ਗੁਰੂ ਨਾਨਕ ! ੴ

# ਜਲੰਧਰ ਵਿਖੇ ਸਮਾਗਮ

੩੧ ਅਕਤੂਬਰ—੨ ਨਵੰਬਰ

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*

*ਗੁਰਬਾਣੀ ਤਿਨ ਗੁਰਸਿਖਾਂ ਭਾਇ ਭਗਤ ਗੁਰਪੁਰਬ ਕਰੰਦੇ ॥*

ਸ੍ਰੀ ਗੁਰੂ ਨਾਨਕ ਦੇਵ ਜੀ ਸਚੇ ਪਾਤਸ਼ਾਹ ਨੇ ਸਾਡੇ ਅੰਧੇਰੇ ਵਿਚ ਭੰਬਲ ਭੂਸੇ ਖਾਂਦਿਆਂ ਜੀਵਾਂ ਤੇ ਤਰਸ ਕਰਕੇ ਸਾਡਾ ਉਧਾਰ ਕਰਨ ਲਈ ਅਵਤਾਰ ਧਾਰਿਆ । ਉਨ੍ਹਾਂ ਦੇ ਆਗਮਨ ਦੀ ਖੁਸ਼ੀ ਵਿਚ ਜਲੰਧਰ ਵਿਖੇ ਅੰਮ੍ਰਿਤ ਮਈ ਗੁਰਬਾਣੀ ਦੀਆਂ ਘੁਮਰਾਂ [ ਪੈਣਗੀਆਂ । ਆਪ ਜੀਆਂ ਦੇ ਚਰਨਾਂ ਵਿਚ ਜੋਦੜੀਆਂ ਹਨ ਕਿ ਆਇ ਦੀਦਾਰੇ ਬਖਸ਼ੋ, ਨਾਮ ਬਾਣੀ ਵਿਚ ਲੀਨ ਹੋਕੇ ਅਕਾਲ ਪੁਰਖ ਦੇ ਚਰਨਾਂ ਨਾਲ ਜੁੜੋ ਤੇ ਧੰਨ ਗੁਰੂ ਨਾਨਕ ਦੇ ਹੁਕਮਾਂ ਤੇ ਪੂਰਨੇ ਪਾਉ । ਪ੍ਰੋਗਰਾਮ ਇਸ ਪ੍ਰਕਾਰ ਹੈ :—

| | ਸਵੇਰੇ | ਸ਼ਾਮ |
|---|---|---|
| 31 ਅਕਤੂਬਰ, ਐਤਵਾਰ | 3 ਤੋਂ 5 ਵਜੇ ਤਕ—ਕੀਰਤਨ ਆਸਾ ਦੀ ਵਾਰ | 6-30 ਤੋਂ 9 ਤਕ ਕੀਰਤਨ |
| | 5 ਵਜੇ ਅਰੰਭ ਸ੍ਰੀ ਅਖੰਡ ਪਾਠ | |
| | 6 ਤੋਂ 12-30 ਤਕ—ਕੀਰਤਨ | 6-30 ਤੋਂ 9 ਤਕ—ਕੀਰਤਨ |
| 1 ਨਵੰਬਰ, ਸੋਮਵਾਰ | 4 ਤੋਂ 12-30 ਤਕ—ਕੀਰਤਨ | |
| 2 ਨਵੰਬਰ, ਮੰਗਲ ਵਾਰ | 5 ਵਜੇ—ਭੋਗ ਸ੍ਰੀ ਅਖੰਡ ਪਾਠ | 4 ਵਜੇ—ਅਰੰਭ ਅੰਮ੍ਰਿਤ ਸੰਚਾਰ |
| | 6 ਤੋਂ 12-30 ਤਕ ਕੀਰਤਨ | 8 ਵਜੇ ਅਰੰਭ ਰੈਣ ਸਬਾਈ ਕੀਰਤਨ । |



www.AKJ.Org

3 ਨਵੰਬਰ, ਬੁਧਵਾਰ—ਸਵੇਰੇ ਸਮਾਪਤੀ ।

ਦਾਸਰ,
ਅਖੰਡ ਕੀਰਤਨੀ ਜੱਥਾ,
ਜਲੰਧਰ

ਨੋਟ :—

1. ਸੰਗਤਾਂ, ਖਾਸ ਕਰਕੇ ਕੀਰਤਨੀਏ ਸਿੰਘ ਤੇ ਬੀਬੀਆਂ, 30 ਅਕਤੂਬਰ ਸ਼ਾਮ ਤਕ ਜ਼ਰੂਰ ਪਹੁੰਚ ਜਾਣ । ਬੇਨਤੀ ਹੈ ।
2. ਕੀਰਤਨ ਤੇ ਰਹਾਇਸ਼ ਦਾ ਅਸਥਾਨ :—ਲਾਇਲਪੁਰ ਖਾਲਸਾ ਹਾਇਰ ਸੈਕੰਡਰੀ ਸਕੂਲ-ਨਕੋਦਰ ਰੋਡ ।
3. ਲੋੜ ਅਨੁਸਾਰ ਬਿਸਤਰੇ ਜਰੂਰ ਲੈ ਕੇ ਆਉਣਾ ਜੀ ।

... ... ... ...

## ਸਤਗੁਰ ਜਾਗਤਾ ਹੈ ਦੇਉ

*ਗਿਆਨੀ ਜਸਮੇਰ ਸਿੰਘ 'ਪਾਲ'*

(ਦੂਜੀ ਕਿਸਤ)

*(ਲੜੀ ਜੋੜਨ ਲਈ ਵੇਖੋ ਪਿਛਲੇ ਮਹੀਨੇ ਦਾ 'ਸੂਰਾ')*

ਰਾਂਝਾ ਰਾਂਝਾ ਕਰਦੀ ਹੀਰ ਆਪੇ ਰਾਂਝਾ ਹੋ ਜਾਂਦੀ ਹੈ । ਸਾਗਰ ਵਿਚ ਰਲੇ ਦਰਿਆ ਨੂੰ ਕੋਈ ਦਰਿਆ ਨਹੀਂ ਆਖਦਾ, ਉਥੇ ਤਾਂ ਸਾਗਰ ਦਾ ਨਾਂ ਹੀ ਵਜਦਾ ਹੈ । ਜੀਵ ਤੇ ਪ੍ਰਭੂ ਦੀ ਵਿਥ ਮਿਟ ਜਾਣ ਤੇ ਜੀਵ ਦੀ ਵਖਰੀ ਹਸਤੀ ਨਹੀਂ ਰਹਿ ਜਾਂਦੀ । 'ਬ੍ਰਹਮ ਮਹਿ ਜਨ ਜਨ ਮਹਿ ਪਾਰਬ੍ਰਹਮ' ਵਾਲੀ ਅਚਰਜ ਅਵਸਥਾ ਹੋ ਜਾਂਦੀ ਹੈ। ਸੋ ਇਡੀ ਆਤਮਕ, ਉਚੀ ਤੇ ਜੋਤ ਸਰੂਪ ਮੰਜ਼ਲ ਤੇ ਉਹੋ ਅਪੜਦਾ ਹੈ ਜੋ ਜਾਗਤ ਜੋਤ ਦੀ ਉਪਾਸਨਾ ਕਰਦਾ ਹੈ । ਜੋ ਕਿਰਤਮ ਨੂੰ ਨਹੀਂ ਮੰਨਦਾ । ਅਜਿਹੇ ਅਕਾਲ ਪੁਰਖ ਦੀ ਪ੍ਰੀਭਾਸ਼ਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਮਾਲ ਕਰਦੇ ਹਨ—

"ਤੇਜ ਕੋ ਪਰਚੰਡ ਹੈ, ਅਖੰਡਨ ਕੋ ਖੰਡ ਹੈ ਕਿ ਮਹੀਪਨ ਕੋ ਮੰਡ ਹੈ, ਨ ਇਸਤਰੀ ਹੈ ਨ ਨਰ ਹੈ ।"

ਸਾਹਿਬ ਦਸਦੇ ਹਨ ਕਿ ਅਕਾਲ ਚਕ੍ਰ, ਚਿਹਨ, ਬਰਨ ਜਾਤਪਾਤ ਤੋਂ ਉਤੇ ਹੈ, ਅਮਿਤੋਜ ਜੋਤ ਹੈ । ਸੋ ਗੋਰ ਮੜੀ ਨੂੰ ਭੁੱਲ ਕੇ ਨਾ ਮੰਨੋ । ਖਾਲਸਾ ਉਹੋ ਹੈ ਜਿਸ ਦੇ ਅੰਦਰ 'ਜਾਗਤ ਜੋਤ' ਜਗਦੀ ਹੈ, ਜੋ ਇਕ ਦਾ ਉਪਾਸ਼ਕ ਹੈ, ਆਦਿ ਅਜੋਨਿ ਅਜੈ ਅਬਨਾਸ਼ੀ ਨੂੰ ਮੰਨਦਾ ਹੈ । ਖਾਲਸੇ



www.AKJ.Org

ਦਾ ਅਰਥ "ਹੱਬ ਦਾ।" ਉਹ ਚੀਜ ਜੋ ਰੱਬ ਦੀ ਆਪਣੀ ਹੋ ਗਈ ਹੈ। ਜਿਸ ਨੇ ਆਪਣਾ ਆਪ ਵਾਹਿਗੁਰੂ ਦੇ ਹਵਾਲੇ ਕਰ ਦਿਤਾ ਹੈ। ਜੋ ਰੱਬ ਦਾ ਹੋ ਗਿਆ ਹੈ; ਉਹ ਆਪੇ ਪਵਿਤਰ ਹੈ, ਖਾਲਸ ਹੈ, ਸੁਧ ਹੈ। ਖਾਲਸਾ ਭਗਤੀ ਤੇ ਸ਼ਕਤੀ ਦਾ ਮਾਲਕ ਹੈ। ਸ਼ਕਤੀ ਭਗਤੀ ਤੋਂ ਪੈਦਾ ਹੁੰਦੀ ਹੈ। ਸ਼ਕਤੀ ਭਗਤੀ ਨੂੰ ਬਚਾਉਂਦੀ ਹੈ। ਜਾਗਤ ਜੋਤ ਦਾ ਮਾਲਕ ਸ਼ਕਤੀ ਦਾ ਮਾਲਕ ਹੈ। ਜਾਗਤ ਜੋਤ ਭਗਤੀ ਦਾ ਸਿਖਰ ਹੈ। ਖਾਲਸੇ ਨੇ ਗੁਰੂ ਆਸਰੇ ਲਗ ਕੇ; ਸਾਹਿਬ ਦੇ ਰੰਗ ਵਿਚ ਰੰਗੀਜ ਕੇ, ਉਸ ਦਾ ਹੋ ਬਣਨਾ ਹੈ। ਆਪਾ ਭੇਟ ਚੜਾ ਕੇ, ਪਹਿਲਾਂ ਮਰਣ ਕਬੂਲ ਕੇ, ਜੀਵਣ ਦੀ ਆਸ ਛਡ ਕੇ, ਕਿਉਂ ਜੁ ਮਰਨਾ ਸੱਚ ਹੈ ਜਿਊਣਾ ਝੂਠ।

ਮੌਤ ਦਾ ਡਰ ਆਤਮਕ ਰੰਗ ਵਿਚ ਰੰਗੇ ਸਾਹਿਬ ਦੇ ਬੰਦਿਆਂ ਨੂੰ ਨਹੀਂ। ਮੌਤ ਦਾ ਡਰ ਪ੍ਰਭੂ ਦਾ ਸਿਮਰਨ ਦੂਰ ਕਰ ਸਕਦਾ ਹੈ, ਅਪਣੇ ਰੰਗ ਖਿੜਾ ਕੇ, ਅੰਤਰ ਆਤਮੇ ਨੂੰ ਸੌਂਪ ਕੇ, ਕੋਟ ਜਨਮ ਕੇ ਕਿਲਵਿਖ ਕਟਕੇ, ਸੁਤੇ ਮਨ ਨੂੰ ਵੰਗਾਰ ਪਾ ਕੇ। ਸੋ ਅਕਾਲ ਦਾ ਪਲੂ ਫੜਨ ਵਾਲੇ ਨੂੰ ਕਾਲ ਨਹੀਂ ਪੋਂਹਦਾ, ਜਮਾਂ ਦੀ ਮਾਰ ਨੇੜੇ ਨਹੀਂ ਢੁਕਦੀ। ਸੋ ਪ੍ਰਭੂ ਨੂੰ ਮਿਲਾਵਣ ਵਾਲਾ ਗੁਰੂ ਹੈ, ਗੁਰੂ ਨੂੰ ਪੌੜੀ ਆਖੀਦਾ ਹੈ। ਸੋ ਦਸਾਂ ਗੁਰੂਆਂ ਦੀ ਆਤਮਕ ਜੋਤ ਦਾ ਪਰਕਸ਼ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਹੈ। ਸਤਗੁਰ ਮੇਰਾ ਸਦਾ ਸਦਾ ਜਾਗਤ ਹੈ—ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪੂਜਾ ਬੁੱਤ—ਪ੍ਰਸਤੀ ਨਹੀਂ, ਚਾਹੇ ਸਰਗੁਣ ਸਰੂਪ ਹੈ, ਪਰ ਰੱਬ ਦੇ ਨਿਰਗੁਣ ਸਰੂਪ ਨਾਲ ਸਬੰਧ ਉਦੋਂ ਤੀਕ ਨਹੀਂ ਜੋੜਿਆ ਜਾ ਸਕਦਾ ਜਦੋਂ ਤੀਕ ਸਰਗੁਣ ਸਰੂਪ ਸਾਹਮਣੇ ਨਾ ਹੋਵੇ। ਗੁਰੂ ਗਰੰਥ ਸਾਹਿਬ ਜੀ ਸਰਗੁਣ ਸਰੂਪ ਹਨ ਪਰ ਇਹ ਸਰਗੁਣ ਸਰੂਪ ਨਿਰਗੁਣ ਦੀ ਪੂਜਾ ਤੇ ਜ਼ੋਰ ਦਿੰਦਾ ਹੈ। ਨਿਰਗੁਣ ਰਾਮ ਗੁਣਾਂ ਤੋਂ (ਸਰਗੁਣ ਦੀ ਪੂਜਾ ਤੋਂ) ਪਾਇਆ ਜਾ ਸਕਦਾ ਹੈ। ਨਿਰਗੁਣ ਸਰੂਪ ਦਾ ਧਿਆਨ ਸਰਗੁਣ ਬਗੈਰ ਮਨ ਵਿਚ ਬੰਨ੍ਹਣਾ ਔਖਾ ਹੈ। ਸਿੱਖ ਧਰਮ ਦਾ ਪ੍ਰਭੂ ਅਕਾਰ ਰਹਿਤ FORM-LESS ਹੈ, ਨਿਰੰਕਾਰ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਮੱਥਾ ਇਸ ਲਈ ਟੇਕਿਆ ਜਾਂਦਾ ਹੈ ਕਿ ਇਸ ਵਿਚ ਅਕਾਲ ਪੁਰਖ ਦੇ ਗੁਣ ਲਿਖੇ ਹੋਏ ਹਨ, ਅਕਾਲ ਪੁਰਖ ਦੇ ਗੁਣਾਂ QUALITIES OF GOD ਨੂੰ ਸੀਸ ਝੁਕਾਇਆ ਜਾਂਦਾ ਹੈ। ਕਾਗਜਾਂ ਤੇ ਜਿਲਦ ਦੀ ਮਹਤੱਤਾ ਨਹੀਂ, ਅਕਾਲ ਪੁਰਖ ਦੇ ਗੁਣਾਂ ਨੂੰ ਮੱਥਾ ਟੇਕਦਿਆਂ ਹੋਇਆਂ ਸਾਰੀ ਬੀੜ ਨੂੰ ਸਹਿਜ ਸੁਭਾਵਕ ਹੀ ਆਪਣੇ ਆਪ ਟੇਕਿਆ ਜਾਂਦਾ ਹੈ, ਕਾਗਜ਼ਾਂ ਦਾ ਸਤਕਾਰ ਇਸ ਲਈ ਹੈ ਕਿ ਇਨਾਂ ਉਤੇ ਪਵਿਤਰ ਅਕਾਲ ਪੁਰਖ ਦੇ ਪਵਿਤਰ ਗੁਣ, ਜਸ, ਮਹਿਮਾ ਲਿਖੀ ਹੋਈ ਹੈ। ਸੋ ਇਹ ਬੁੱਤ ਪੂਜਾ ਕਿਵੇਂ ਹੋਈ? ਕਿਸੇ ਪਰਕਾਰ ਵੀ ਨਾ। ਜਿਵੇਂ ਕਿਸੇ ਵਡੇ ਅਫ਼ਸਰ ਨੂੰ ਸੀਸ ਝੁਕਾਈਏ ਤਾਂ ਉਸ ਦੇ ਕਪੜਿਆਂ, ਜੋੜਿਆਂ ਨੂੰ ਆਪੇ ਸੀਸ ਝੁਕਾ ਹੋ ਜਾਂਦਾ ਹੈ। ਸਿਰ ਤਾਂ ਉਸ ਦੀ ਪਦਵੀ ਜਾਂ ਅਹੁਦੇ Authority ਅਗੇ ਝੁਕਾਇਆ ਜਾਂਦਾ ਹੈ ਨਾ ਕਿ ਕਪੜਿਆਂ ਅਗੇ। ਕਪੜੇ ਤਾਂ ਹੋਰ ਅਨੇਕਾਂ ਬੰਦਿਆਂ ਨੇ ਪਾਏ ਹੁੰਦੇ ਹਨ ਪਰ ਉਨਾਂ ਆਮ



www.AKJ.Org

ਬੰਦਿਆਂ ਅਗੇ ਕੋਈ ਸਿਰ ਨਹੀਂ ਝੁਕਾਉਂਦਾ ਕਿਉਂ ਜੁ ਉਨਾਂ ਪਾਸ ਉਹ ਡਿਗਰੀ ਨਹੀਂ ਹੁੰਦੀ ਜੋ ਇਕ ਵਡੇ ਅਫ਼ਸਰ ਪਾਸ ਹੁੰਦੀ ਹੈ। ਕਾਗਜ਼ ਵੀ ਅਨੇਕਾਂ ਹਨ ਤੇ ਜਿਲਦਾਂ ਵੀ ਅਨੇਕਾਂ ਪਰ ਹਰ ਇਕ ਉਤੇ ਅਕਾਲ ਪੁਰਖ ਦੇ ਗੁਣ ਨਹੀਂ ਲਿਖੇ ਹੁੰਦੇ, ਉਸ ਦੀ ਉਸਤਤ ਨਹੀਂ ਹੁੰਦੀ, ਸੋ ਗੁਰੂ ਗਰੰਥ ਸਾਹਿਬ ਜੀ ਦੇ ਕਾਗਜ਼ ਤੇ ਜਿਲਦੀ ਅਕਾਰ ਪਵਿਤਰ ਹੈ, ਉੱਚਾ ਦਰਜਾ ਰਖਦਾ ਹੈ। (ਅਕਾਲ ਪੁਰਖ ਦੇ ਗੁਣ ਲਿਖੇ ਹੋਣ ਕਰਕੇ) ਇਸ ਕਰਕੇ ਸੀਸ ਝੁਕਾਇਆ ਜਾਂਦਾ ਹੈ। ਕਿਸੇ ਸਾਧ ਸੰਤ ਜਾਂ ਡੰਬੀ ਅਗੇ ਸੀਸ ਝੁਕਾਉਣਾ ਸਿੱਖ ਧਰਮ ਤੋਂ ਖਿਲਾਫ਼ ਤੇ ਸਖਤ ਮਨਮਤ ਹੈ। ਗੁਰੂ ਦਸਮੇਸ਼ ਜੀ ਨੇ ਸਖਸ਼ੀ ਪੂਜਾ ਨੂੰ ਕਟ ਦਿਤਾ ਹੈ।

ਸਾਹਿਬ ਕਲਗੀਧਰ ਅਕਾਲ ਦੇ ਹੁਕਮ ਨਾਲ ਸਚਖੰਡ ਨੂੰ ਪਯਾਨਾ ਕਰਨ ਲਗੇ, ਸਿੰਘਾਂ ਨੇ ਕਿਹਾ ਪੰਥ ਦੇ ਵਾਲੀ ਅੰਮ੍ਰਿਤ ਕੇ ਦਾਤਾ ਸਚ ਖੰਡ ਨੂੰ ਜਾ ਰਹੇ ਹੋ, ਪਿਛੋਂ ਆਪ ਦੇ ਦਰਸ਼ਨ ਕਿਵੇਂ ਹੋਣਗੇ। ਸਾਡਾ ਪਿਛੇ ਕੋਈ ਰਾਖਾ ਨਹੀਂ, ਹਕੂਮਤ ਜ਼ਾਲਮ ਹੈ, ਆਪ ਕਿਵੇਂ ਅਗਵਾਈ ਕਰੋਗੇ। ਸਾਹਿਬ ਬੋਲੇ— ਸਿੰਘੋ ਮੈਂ ਕਿਧਰੇ ਨਹੀਂ ਜਾਣਾ, ਨਾ ਸਰੀਰਕ ਤੌਰ ਤੇ ਨਾ ਆਤਮਕ ਤੌਰ ਤੇ। ਆਪਣੀ ਆਤਮਾ ਨੂੰ ਪੰਥ ਵਿਚ ਤੇ ਸਰੀਰ ਗਰੰਥ ਵਿਚ ਹਲੂਲ ਕਰ ਦਿਤਾ ਹੈ। ਸਰੀਰਕ ਤੌਰ ਤੇ ਪੰਥ ਵਿਚ ਵਿਚਰਾਂਗਾ। ਆਤਮਕ ਤੌਰ ਤੇ ਗੁਰੂ ਗ੍ਰੰਥ ਸਾਹਿਬ ਜੀ ਵਿਚ। ਪੰਜ ਸਿੰਘ ਮੇਰਾ ਰੂਪ ਹਨ, ਸਮੂਹ ਖਾਲਸਾ ਮੇਰਾ ਰੂਪ ਹੈ—

ਹਉ ਖਾਲਸੇ ਕਾ ਖਾਲਸਾ ਮੇਰੋ
ਓਤ ਪੋਤ ਸਾਗਰ ਬੂੰਦੇਰੋ।
ਮੈਂ ਕਿਤੇ ਨਹੀਂ ਜਾ ਰਿਹਾ
ਪਾਂਚੋ ਮੇ ਨਿਤ ਵਰਤਤ ਮੈਂ ਹੋ
ਪੰਚ ਮਿਲੇ ਸੇ ਪੀਰਨ ਪੀਰ।

ਮੈਂ ਆਪਣੀ ਆਤਮਾ ਦਾ ਕੰਮ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਮਹਾਰਾਜ ਨੂੰ ਸੌਂਪ ਦਿਤਾ ਹੈ। ਮੇਰੀ ਆਤਮਾ ਦਾ ਕੰਮ ਸ੍ਰੀ ਗੁਰੂ ਗਰੰਥ ਸਾਹਿਬ ਜੀ ਕਰਨਗੇ। ਤੁਸੀਂ ਸ਼ਬਦ ਤੇ ਟੇਕ ਟਿਕਾਉਣੀ ਹੈ, ਘਟ ਵਿਚ ਜਾਗਤ ਜੋਤ ਜਗਾਉਣੀ ਹੈ; ਬਾਰ ਬਾਰ ਸਿਮਰਨ ਕਰਕੇ। ਤੁਹਾਨੂੰ ਮੈਂ ਜਾਗਤ ਜੋਤ ਦੇ ਉਪਾਸ਼ਕ ਬਣਾ ਚਲਿਆ ਹਾਂ। ਜੋ ਵੀ ਜਾਗਤ ਜੋਤ ਦੀ ਪੂਜਾ ਕਰੇਗਾ, ਮੇਰੇ ਦੀਦਾਰ ਕਰੇਗਾ, ਫਿਰ ਮੇਰੇ ਸਰੀਰ ਦੇ ਦਰਸ਼ਨਾਂ ਦੀ ਲੋੜ ਨਹੀਂ—

ਜੋ ਮੁਝ ਕੋ ਪਰਮੇਸਰ ਉਚਰਹਿ।
ਤੇ ਸਭ ਨਰਕ ਕੁੰਡ ਮਹਿ ਪਰਹਿ।
ਮੈਂ ਹੂ ਪਰਮ ਪੁਰਖ ਕਾ ਦਾਸਾ।
ਦੇਖਣ ਆਇਓ ਜਗਤ ਤਮਾਸਾ।

ਮੈਂ ਦੇਹ ਦੀ ਪੂਜਾ ਨਹੀਂ ਕਰਾਉਣਾ ਚਾਹੁੰਦਾ। ਕਾਚੀ ਗਾਗਰ ਨੇ ਸਰਪਰ ਫੁਟ ਜਾਣਾ ਹੈ, ਮੇਰੇ ਸਰਗੁਣ ਸਰੂਪ ਦੇ ਦਰਸ਼ਨਾਂ ਦਾ ਕੋਈ ਲਾਭ ਨਹੀ, ਜਾਗਤ ਜੋਤ ਦੀ ਪੂਜਾ ਕਰੋ—

''ਦੀਦਾਰ ਖਾਲਸੇ ਕਾ, ਪੂਜਾ ਅਕਾਲ ਦੀ, ਪਰਚਾ ਸਬਦ ਦਾ।'' ਸ਼ਬਦ ਹੀ ਗੁਰੂ ਹੈ, ਗਹਿਰ ਗੰਭੀਰ ਹੈ, ਬਿਨਾਂ ਸ਼ਬਦ ਦੇ ਜਗ ਬੌਰਾ ਹੈ।

ਸ਼ਬਦ ਗੁਰ ਪੀਰਾ ਗਹਿਰ ਗੰਭੀਰਾ
ਬਿਨ ਸਬਦੈ ਜਗ ਬਉਰਾਨੇ।



www.AKJ.Org

ਵਾਹਿਗੁਰੂ ਸ਼ਬਦ ਨੂੰ ਸਾਸ ਸਾਸ ਜਪਣਾ ਹੈ। 'ਗੁਰਮੁਖ ਅਖਰ ਚਾਰ ਪਿਆਰਾ' ਜਪ ਕੇ ਹਉਮੈ, ਆਸਾ, ਦੁਬਿਧਾ ਤਰਿਸ਼ਨਾ ਅਤੇ ਪੰਚ ਚੰਡਾਲਾਂ ਨੂੰ ਮਾਰਨਾ ਹੈ, ਕਿਰਤਮ ਨੂੰ ਨਹੀਂ ਮੰਨਣਾ, ਬਿਨਾਂ ਕਰਤਾਰ ਦੇ। ਆਦਿ ਅਜੋਨ ਅਜੈ ਅਬਨਾਸੀ ਦੀ ਭਾਲ ਕਰਨੀ ਹੈ, ਗੁਰਪਰਸਾਦਿ ਦੁਆਰਾ। ਗੁਰਪਰਸਾਦਿ ਜੁਗਤੀ ਹੈ ਜੋ ਅੰਮ੍ਰਿਤ ਪੀਣ ਤੋਂ ਮਿਲਦੀ ਹੈ, ਸਰਬ ਲੋਹ ਦੇ ਕੌਲ ਵਿਚ ਹੋਠਾਂ ਨੂੰ ਖੋਲ੍ਹਿਆਂ। ਖੰਡੇ ਦੀ ਪਾਹੁਲ ਲੈ ਕੇ ਮਨ ਨੂੰ ਖਿੰਡਣ ਨਹੀਂ ਦੇਣਾ, ਖੰਡੇ ਵਾਂਗ ਮਨ ਨੂੰ ਸਿੱਧਾ ਕਰ ਲੈਣਾ ਹੈ। ਕਿਰਪਾ ਵਾਹਿਗੁਰੂ ਦੀ ਹੋਵੇਗੀ, ਫਤਹ ਖਾਲਸੇ ਦੀ, ਕਿਉਂ ਜੁ ਖਾਲਸਾ ਵਾਹਿਗੁਰੂ ਦਾ ਹੈ ਖਾਲਸਾ ਵਾਹਿਗੁਰੂ ਦਾ ਇਸ ਲਈ ਹੈ ਕਿ ਖਾਲਸਾ ਵਾਹਿਗੁਰੂ ਨੂੰ ਜਪਦਾ ਹੈ ਗੜੂੰਦ ਹੋ ਕੇ। ਖਾਲਸਾ ਅਮਰ ਹੈ ਕਿਉਂ ਜੁ ਅਕਾਲ ਅਮਰ ਹੈ। ਇਸ ਲਈ ਖਾਲਸੇ ਨੂੰ "ਸਤ ਸ੍ਰੀ ਅਕਾਲ" ਦਾ ਬੋਲਾ ਦਿਤਾ ਗਿਆ ਹੈ ਜਿਸ ਦੇ ਅਰਥ ਹਨ— ਅਕਾਲ ਸੱਚ ਹੈ, ਰੱਬ ਸੱਚ ਹੈ, ਸੱਚ ਰੱਬ ਹੈ। "ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।" ਅਪਣੇ ਸਰੀਰ ਦਾ ਕੰਮ ਪੰਜਾਂ ਪਿਆਰਿਆਂ ਨੂੰ ਸੌਂਪ ਦਿਤਾ ਹੈ। ਪੰਜ ਪਿਆਰੇ ਮੇਰਾ ਸਰੀਰ ਹਨ। ਸਰੀਰਕ ਤੌਰ ਤੇ ਮੈਂ ਇਨ੍ਹਾਂ ਵਿਚ ਵਰਤਦਾ ਹਾਂ। ਮੇਰੇ ਸਰੀਰ ਦਾ ਕੰਮ ਪੰਜ ਪਿਆਰੇ ਕਰਨਗੇ, ਰੂਹ ਦਾ ਕੰਮ ਸ੍ਰੀ ਗੁਰੂ ਗ੍ਰੰਥ ਸਾਹਿਬ। ਫਿਰ ਮੈਂ ਕਿਥੇ ਗਿਆ ਹਾਂ ? ਮੈਂ ਤਾਂ ਇਥੇ ਹੀ ਹਾਂ। ਮਤ ਕਹੋ ਮੈਂ ਕਿਤੇ ਚਲਿਆ ਹਾਂ। ਅੰਗੀਠੇ ਵਾਲੀ ਥਾਂ ਤੇ ਕੋਈ ਸਮਾਧ ਨਹੀਂ ਬਣਾਉਣੀ। ਗੁਰਦੁਆਰਾ ਨਹੀਂ ਬਣਾਉਣਾ ਤਾ ਕਿ ਮੇਰੀ ਸਖਸ਼ੀ ਪੂਜਾ ਨਾ ਅਰੰਭ ਹੋ ਜਾਵੇ। ਸਿੱਖ ਸਮਾਧੀ ਨੂੰ ਮੱਥੇ ਨਾ ਟੇਕਦੇ ਫਿਰਨ। ਸਮਾਧੀ ਬਣੀ ਸਿੱਖਾਂ ਨਾਮ ਦੀ ਟੇਕ ਛਡ ਕੇ ਬੁੱਤ-ਪੂਜਾ ਸ਼ੁਰੂ ਕਰ ਦੇਣੀ ਹੈ। ਪਰ ਅਕਾਲੀ ਪੰਥ ਬੁੱਤ-ਪ੍ਰਸਤ ਨਹੀਂ ਬਣਾਇਆ, ਵਾਹਦ ਪ੍ਰਸਤ, ਤੌਹੀਦ ਦਾ, ਇਕ ਅਕਾਲ ਦਾ ਪੁਜਾਰੀ ਖਾਲਸਾ ਪੰਥ ਹੈ।

"ਵਾਹਵਾ ਬਾਣੀ ਸੱਚ ਹੈ ਅਮ੍ਰਿਤ ਜਾ ਕਾ ਨਾਉਂ"

ਵਾਹਿਗੁਰੂ ਬਾਣੀ ਸੱਚ ਹੈ। ਬੀਜ ਮੰਤਰ ਸੱਚ ਹੈ, ਗੁਰ ਕਾ ਸ਼ਬਦ ਗੁਰਮੰਤਰ ਸੱਤ ਹੈ, ਜਿਸ ਦਾ ਜਾਪ ਖਾਲਸੇ ਨੇ ਕਰਨਾ ਹੈ, ਹਰਖ ਸੋਗ ਤੋਂ ਅਤੀਤ ਰਹਿ ਕੇ, ਮਾਨ ਅਪਮਾਨ ਤੋਂ ਉਚੇ ਉਠ ਕੇ, ਗ਼ੈਰਤ ਦੀ ਜ਼ਿੰਦਗੀ ਜਿਊਣਾ ਹੈ, ਸਾਹਿਬ ਨੂੰ ਸਮਾਲਣਾ ਹੈ, ਗੁਰੂ ਦੁਆਰੇ ਹੋ ਕੇ, ਇਹੋ ਸੱਚੀ ਕਾਰ ਹੈ ਜੋ ਸਤਗੁਰੂ ਨੇ ਦਿਰੜ ਕਰਾਈ ਹੈ। ਅਕਾਲ ਪੁਰਖ ਦੀ ਅਖੰਡ ਪੂਜਾ ਕਰਨੀ ਹੈ। ਉਸ ਦੀ ਕਿਸੇ ਸ਼ਕਤੀ ਨੂੰ ਉਸ ਤੋਂ ਵਖਰਿਆਂ ਕਰਕੇ ਉਸ ਦੀ ਪੂਜਾ ਨਹੀਂ ਕਰਨੀ। ਉਸ ਦੀਆਂ ਦਾਤਾਂ ਨੂੰ ਨਹੀਂ ਮੰਨਣਾ, ਦਾਤੇ ਨੂੰ ਮੰਨਣਾ ਹੈ, ਮੇਜ਼ ਨੂੰ ਨਹੀਂ ਮੰਨਣਾ, ਤਰਖਾਣ ਨੂੰ ਮੰਨਣਾ ਹੈ, ਜਿਸ ਵਧੀਆ ਮੇਜ਼ ਬਣਾਇਆ ਹੈ। ਕਾਦਰ ਨੂੰ ਮੰਨਣਾ ਹੈ। ਘੁਮਿਆਰ ਨੂੰ ਮੰਨਣਾ ਹੈ, ਭਾਂਡੇ ਨੂੰ ਨਹੀਂ। ਹਾਂ ਕੁਦਰਤ ਵਿਚੋਂ ਉਸ ਦਾ ਇਲਾਹੀ ਜਲਵਾ ਵੇਖ ਕੇ ਵਿਸਮਾਦ ਹੋਇਆ ਜਾ ਸਕਦਾ ਹੈ। ਸੁਆਸ ਅੰਦਰ ਆਉਣ ਤੇ "ਵਾਹਿ" ਬਹਰ ਕਢਣ ਤੇ "ਗੁਰੂ"—ਵਾਹਿਗੁਰੂ ॥ ਰਸਨਾ ਨਾਲ ਜਪਦਿਆਂ ਸੁਆਸ ਸੁਆਸ ਜਪਣ ਤੇ



www.AKJ.Org

ਆਉਣਾ ਹੈ। ਫਿਰ ਅਨਹਦ ਸ਼ਬਦ ਦਾ, ਜੋ ਬਿਨਾਂ ਚੋਟ ਲਾਏ ਵਜਦਾ ਹੈ, ਦਾ ਨਾਦ ਆਪ ਮੁਹਾਰੇ ਵਜਣ ਲਗ ਜਾਵੇਗਾ, ਗੁਰ ਸ਼ਬਦ ਦੇ ਜਾਪ ਦੁਆਰਾ—*ਗੁਰ* ***ਮੂਰਤ***—ਦਿਸੇਗੀ—ਕਾਗਜਾਂ ਵਾਲੀ ਮੂਰਤ ਨਹੀਂ; ਪਰਤਖ ਜੋਤ—

"ਗੁਰ ਮੂਰਤ ਗੁਰ ਸ਼ਬਦ ਹੈ
ਸਾਧ ਸੰਗਤ ਵਿਚ ਪ੍ਰਗਟੀ ਆਇਆ।"

(ਭਾਈ ਗੁਰਦਾਸ)

ਮੇਰੇ ਸਰੀਰ ਦੀ ਮੂਰਤ ਦੀ ਲੋੜ ਨਹੀਂ। ਗੁਰ ਦੀ ਤਸਵੀਰ ਹੀ ਗੁਰ ਸ਼ਬਦ ਹੈ। ਜੋ ਸਿੰਘ ਗੁਰ ਸ਼ਬਦ ਵਿਚ ਆਪਣੀ ਆਤਮਾ ਨੂੰ ਜੋੜੇਗਾ, ਗੁਰਮੁਖ ਗਾਡੀ ਰਾਹ ਤੇ ਚਲੇਗਾ, ਦੇਸ਼, ਕੌਮ, ਪੰਥ ਤੋਂ ਆਪਾ ਵਾਰ ਦੇਵੇਗਾ। ਆਪਣਾ ਖੂਨ ਸਿੰਜ ਕੇ ਧਰਮ ਦੀ ਅਬਰੋ ਨੂੰ, 'ਨਾਨਕ ਨਿਰਮਲ ਪੰਥ' ਦੀ ਸ਼ਾਨ ਨੂੰ ਬਚਾਵੇਗਾ, ਉਸ ਨੂੰ 'ਭਾਰੀ ਭੁਜਾਨ ਕੋ ਭਾਰੀ ਭਰੋਸਾ' ਹੋਵੇਗਾ ਜੋ ਮੁਖ ਤੇ ਹਰਿ, ਤੇ ਚਿਤ ਵਿਚ ਜੁਝ ਵਿਚਾਰੇਗਾ, "ਗੋਰ ਮੜੀ ਮਠ ਭੂਲ ਨ ਮਾਨੈ" "ਏਕ ਬਿਨਾਂ ਨਨ ਨੈਕ ਨ ਆਨੈ" ਦੇ ਉਚ ਆਦਰਸ਼ ਨੂੰ ਕਮਾ ਕੇ ***'ਸਚਹੁ ਓਰੈ ਸਭ ਕੋ ਊਪਰ ਸੱਚ ਅਚਾਰ'*** ਨੂੰ ਅਮਲੀ ਜਾਮਾ ਪਹਿਨਾ ਕੇ ਰਹਿਣੀ ਰਹੇਗਾ। ਸੋ ਮੇਰਾ ਸਿੱਖ ਹੋਵੇਗਾ। ਦਾਗੇ ਹੋਏ ਰਣ ਵਿਚ ਜੂਝਣਗੇ, ਬਿਨ ਦਾਗੇ ਭਜ ਜਾਣਗੇ। ਦਾਗੇ ਹੋਏ ਅੰਮ੍ਰਿਤਧਾਰੀ ਸਿੰਘ ਹਨ ਜੋ ਸ਼ਬਦ ਨਾਲ ਪਰੀਤ ਜੋੜਦੇ ਹਨ, ਅਠੀਂ ਪਹਿਰ। ਸੇ ਕਾਲ ਫਾਸ ਵਿਚ ਨਹੀਂ ਆਉਂਦੇ, ਸੇ ਸੂਰੇ ਵਰਿਆਮ ਆਮ ਚੁਰਾਸੀ ਦੀ ਪਧਰ ਤੋਂ ਉਚੇ ਹਨ, ਜਨਮ ਮਰਨ ਤੋਂ ਰਹਿਤ ਹਨ। ਸੇ ਗੁਰਮੁਖ ਹਨ ਜਿਨ੍ਹਾਂ ਨੂੰ ਮਾਸੇ ਦਾ ਲੇਪ ਨਹੀਂ। ਸੇ ਸਚਖੰਡ ਵਿਚ ਸੁਰਖਰੂ ਹਨ। ਮੈਂ ਸੱਚ ਕਹਿੰਦਾ ਹਾਂ ਜਿਨਾਂ ਪ੍ਰਭੂ ਨਾਲ ਪਰੇਮ ਕੀਤਾ ਹੈ ਤਿਨਾਂ ਪ੍ਰਭੂ ਨੂੰ ਪਾਇਆ ਹੈ, ਪ੍ਰੇਮ ਤੋਂ ਬਗੈਰ ਤੀਰਥ, ਦਾਨ, ਸੰਜਮ, ਸਾਤ ਸਮੁਦਰਾਂ ਦਾ ਨਹਾਉਣਾ ਸਭੇ ਵਿਅਰਥ ਹਨ। ਖਾਲਸਾ ਪਰ ਬੇਟੀ ਨੂੰ ਬੇਟੀ ਜਾਣਦਾ ਹੈ। ਪਰ ਇਸਤਰੀ ਨੂੰ ਮਾਤ ਵਖਾਣਦਾ ਹੋਇਆ ਪਰ ਨਾਰੀ ਕੀ ਸੇਜ ਭੂਲ ਸੁਪਨੇ ਨਹੀਂ ਜਾਂਦਾ। ਖਾਲਸਾ ਸੀਲ ਜਤ ਕੀ ਕੱਛ ਪਹਿਨ ਕੇ, ਹਥਿਆਰ ਫੜਦਾ ਹੈ। ਸਿਰ ਤਲੀ ਤੇ ਰਖ ਕੇ ਪਿਆਰੇ ਦੀ ਗਲੀ ਲੰਘਦਾ ਹੈ। ਖਾਲਸਾ ਸੀਸ ਭੇਟ ਕਰਕੇ ਇਨਕਲਾਬ ਲਿਆਉਂਦਾ ਹੈ। ਖਾਲਸਾ ਸੀਸ ਦੇ ਦਿੰਦਾ ਹੈ ਪਰ ਸਿਰਰ ਨਹੀਂ ਦਿੰਦਾ, ਅਪਣਾ ਭੇਦ ਨਹੀਂ ਦਿੰਦਾ, ਧਰਮ ਅਮੋਲਕ ਵਸਤੂ ਨੂੰ ਗੁਆਉਂਦਾ ਨਹੀਂ। ਖਾਲਸੇ ਦਾ ਸਿਰ ਜਾਵੇ ਤਾਂ ਜਾਵੇ ਪਰ ਸਿਦਕ ਨਹੀਂ ਜਾਂਦਾ। ਖਾਲਸਾ ਜਬਰ ਦੇ ਘੋੜੇ ਦੇ ਮੂੰਹ ਵਿਚ ਕੰਡਿਆਲਾ ਪਾ ਕੇ ਇਸ ਦੇ ਪੈਰਾਂ ਹੇਠ ਅੱਗ ਦੇ ਲੂੰਬੇ ਸਿਟ ਦਿੰਦਾ ਹੈ। ਖਾਲਸੇ ਨੂੰ ਸੱਚ ਪਿਆਰਾ ਹੈ ਪਰ ਸਭ ਤੋਂ ਵੱਧ ਪਿਆਰੀ ਹੈ ***'ਸੱਚ ਦੀ ਰਹਿਣੀ।'***

## *ਰਹਿਣੀ ਰਹੇ ਸੋ ਸਿੱਖ ਮੇਰਾ।*

ਖਾਲਸੇ ਨੂੰ ਜੂਝ ਕੇ ਮਰਨ ਦੀ ਜਾਚ ਹੈ। ਦੁਖਾਂ ਵਿਚ ਗੁਰੂ ਅੰਗ ਸੰਗ ਹੈ। ਖਾਲਸਾ ਭਾਣਾ ਮੰਨਦਾ ਹੈ ਮਿੱਠਾ ਕਰਕੇ ਕਿਉਂ ਜੁ ਦੁਖ ਦਾਰੂ ਹੈ। ਖਾਲਸਾ ਚੜ੍ਹਦੀ ਕਲਾ ਵਿਚ ਵਿਚਰਦਾ ਹੈ। ਚੜ੍ਹਦੀ ਕਲਾ ਕਸ਼ਟਾਂ ਨੂੰ ਵੰਗਾਰਦੀ ਹੈ। ਕਸ਼ਟਾਂ ਵਿਚੋਂ 'ਸਤਗੁਰ ਜਾਗਤਾ ਹੈ ਦੇਉ' ਦਾ



www.AKJ.Org

ਜਲਵਾ ਜਲਾਲ ਖਾਲਸਾ ਵੇਖਦਾ ਹੈ। ਸਿੰਘਾਂ ਨੂੰ ਅੰਤਮ ਉਪਦੇਸ਼ ਦੇ ਕੇ ਦਸਮੇਸ਼ ਪਿਤਾ ਜੀ ਅਲੋਪ ਹੋ ਗਏ। ਸਿੰਘ ਆਖਣ ਲਗੇ ਗੁਰੂ ਜੀ ਚਲੇ ਗਏ। ਭਾਈ ਦਇਆ ਸਿੰਘ ਨੇ ਕਿਹਾ— ਸਿੰਘੋ ਗੁਰੂ ਜੀ ਇਥੇ ਹੀ ਹਨ, ਉਹ ਕਿਧਰੇ ਨਹੀਂ ਗਏ, ਸਤਗੁਰੂ ਜੁਗੋ ਜੁਗ ਅਟਲ ਹੈ, ਤੁਸੀਂ ਧੀਰਜ ਰਖੋ—

"ਸਤਗੁਰ ਜਾਗਤਾ ਹੈ ਦੇਉ।"

ਗੁਰੂ ਅਰਜਨ ਸਾਹਿਬ ਚੰਦੂ ਦੀ ਜਿਹਲ ਵਿਚ ਸਨ। ਪਾਤਸ਼ਾਹ ਦੇ ਪੈਰੀਂ ਬੇੜੀਆਂ ਸਨ, ਰਾਤ ਨੂੰ ਜਿਹਲ ਵਿਚ ਸਾਰੀ ਰਾਤ ਆਪ ਨੂੰ ਜਗਾਉਣ ਦਾ ਹੁਕਮ ਸੀ, ਇਕ ਤਸੀਹਾ ਸੀ, ਮਹਾਰਾਜ ਸਮਾਧੀ ਵਿਚ ਲੀਨ ਸਨ, ਚੰਦੂ ਦੇ ਪਹਿਰੇਦਾਰ ਨੇ ਸਮਾਧੀ ਵਿਚ ਇਸਥਤ ਸਤਗੁਰੂ ਨੂੰ ਸੁਤੇ ਹੋਏ ਸਮਝਿਆ। ਪਹਿਰੇਦਾਰ ਨੇ ਪਿਛਲੀ ਰਾਤ ਬੇੜੀ ਦਾ ਡੰਡਾ ਖਿਚ ਕੇ ਪਾਤਸ਼ਾਹ ਨੂੰ ਜਗਾਇਆ ਤੇ ਕਿਹਾ—"ਸਰਕਾਰੀ ਹੁਕਮ ਹੈ, ਆਪ ਸਾਰੀ ਰਾਤ ਜਾਗਦੇ ਰਹਿਣਾ ਹੈ, ਪਲ ਭਰ ਨਹੀਂ ਸੌਣਾ, ਅੱਖ ਨਹੀਂ ਲਾਉਣੀ।

ਪਾਤਸ਼ਾਹ ਨੇ ਕਿਹਾ—ਮਰਤਜ਼ਾ ਖਾਂ ਮੈਂ ਸੁੱਤਾ ਕਦੋਂ ਹਾਂ, ਮੈਂ ਹਰ ਵੇਲੇ ਜਾਗਦਾ ਹਾਂ। ਸੋ ਜਾਗਦੇ ਹਨ ਜਿਨਾਂ ਤੇ ਪ੍ਰਭੂ ਕਿਰਪਾ ਕਰਦਾ ਹੈ।

"ਸੋ ਜਾਗਹਿ ਜਿਸ ਪ੍ਰਭ ਕਿਰਪਾਲ"

ਸੋ ਮੇਰੇ ਉਤੇ ਮੇਰੇ ਗੁਰੂ ਦੀ ਕਿਰਪਾ ਹੈ। ਮਰਤਜ਼ਾ ਖਾਂ ਤੁਸੀਂ ਮੇਰੀ ਆਤਮਾ ਨੂੰ ਬੇੜੀਆਂ ਨਹੀਂ ਪਾ ਸਕਦੇ। ਮੇਰੀ ਆਤਮਾ ਆਜ਼ਾਦ ਹੈ ਅਸਲ ਦੇਹੀ ਆਤਮਾ ਹੈ ਜੋ ਗੁਪਤ ਹੈ। ਬਿਨਸ ਜਾਣ ਵਾਲੀ ਦੇਹੀ ਦਿਸਦੀ ਪਈ ਹੈ।

## ਦੇਹੀ ਗੁਪਤ ਬਦੇਹੀ ਦੀਸੈ

ਇਹੋ ਅਚਰਜ ਗਲ ਹੈ। ਬਿਨਸ ਜਾਣ ਵਾਲੀ ਦੇਹੀ ਦਿਸਦੀ ਹੈ। ਅਸਲ ਚੀਜ ਨੂੰ ਕੋਈ ਨਹੀਂ ਫੜ ਸਕਦਾ। ਤੁਸੀਂ ਲੋਕ ਪਿੰਜਰ ਨੂੰ ਸਾੜ ਰਹੇ ਹੋ, ਅੰਦਰਲੀ ਦੇਹੀ ਨੂੰ ਕੋਈ ਦੁੱਖ ਨਹੀਂ। ਆਤਮਕ ਪੰਛੀ ਅੱਡ ਬੈਠਾ ਹੈ। ਆਤਮਾ ਨੂੰ ਹੀ ਦੁਖ ਪੁਜ ਸਕਦਾ ਹੈ, ਮੇਰੀ ਆਤਮਾ ਸਰੀਰ ਤੋਂ ਬਾਹਰ ਹੈ, ਮੈਨੂੰ ਕੋਈ ਦੁਖ ਨਹੀਂ।

ਨ ਇਸ ਊਸਨਿ ਨ ਇਸ ਸੀਤ

ਤੁਸੀਂ ਦੁੱਧ ਦੇ ਭਾਣੇ ਪਾਣੀ ਬਲੋ ਰਹੇ ਹੋ। ਲੇਲੇ ਨੂੰ ਭੇਡ ਚੁੰਘ ਰਹੀ ਹੈ। ਤੁਸੀਂ ਪਿੰਜਰ ਨੂੰ ਫੋੜ ਰਹੇ ਹੋ, ਵਿਚ ਬੈਠੇ ਪੰਛੀ ਦਾ ਕੁਝ ਨਹੀਂ ਵਿਗਾੜ ਸਕਦੇ। ਪਿੰਜਰ ਨੇ ਫੁਟਣਾ ਹੈ ਪੰਛੀ ਨੇ ਉਡਾਰੀ ਮਾਰ ਜਾਣੀ ਹੈ। ਸਰੀਰ ਭਜ ਜਾਣਾ ਹੈ, ਐਪਰ ਆਤਮਾ ਅਮਰ ਰਹੇਗੀ। ਆਤਮਾ ਅਬਨਾਸ਼ੀ ਹੈ। ਮੇਰੇ ਸਤਗੁਰੂ ਦੀ ਜੋਤ ਮੇਰੇ ਵਿਚ ਹੈ ਜੋ ਸਦਾ ਸਥਿਰ ਰਹਿੰਦੀ ਹੈ ਨਾ ਕਦੇ ਜਾਂਦੀ ਹੈ ਨ ਕਦੇ ਆਉਂਦੀ ਹੈ—

ਸਤਗੁਰ ਮੇਰਾ ਸਦਾ ਸਦਾ
ਨ ਆਵਹਿ ਨ ਜਾਇ।

ਸਰੀਰ ਵਿਚ ਪਰਵੇਸ਼ ਆਤਮਾ ਨੂੰ ਨ ਕੋਈ ਭੈ ਹੈ ਨਾ ਦੁਖ, ਇਹ ਅਤੀਤ ਤੇ ਸਦਾ ਆਜ਼ਾਦ ਹੈ. ਇਸ ਨੂੰ ਕੋਈ ਬੰਧਨ ਨਹੀਂ ਪਾ ਸਕਦਾ—

ਨ ਇਸ ਬੰਧਨ ਨ ਹਮ ਬਾਂਧੇ
ਨ ਇਸ ਧੰਧਾ ਨ ਹਮ ਧਾਂਧੇ
ਨ ਉਸ ਮੈਲ ਨ ਹਮਕੋ ਮੈਲਾ

ਮੈਂ ਹਰ ਵੇਲੇ ਜਾਗ ਰਿਹਾ ਹਾਂ। ਮੈਂ ਸੁੱਤਾ



www.AKJ.Org

ਨਹੀਂ । ਮੇਰੀ ਆਤਮਾ ਸੁਤੀ ਨਹੀਂ । ਸੌਂਦਾ ਉਹ ਹੈ ਜੋ ਅਪਣੇ ਫ਼ਰਜ਼ ਵਿਸਾਰ ਬੈਠਦਾ ਹੈ, ਜੋ ਆਪਣੀ ਸਾਂਝ ਪਾਰਬ੍ਰਹਮ ਨਾਲੋਂ ਤੋੜ ਲੈਂਦਾ ਹੈ। ਮੈਂ ਅਪਣੇ ਗੁਰੂ ਅਕਾਲ ਪੁਰਖ ਦੀ ਕਿਰਪਾ ਤੋਂ ਜਾਗ ਰਿਹਾ ਹਾਂ । ਮੈਨੂੰ ਗੁਰ ਪਰਸਾਦ (ਗੁਰੂ ਦੀ ਕਿਰਪਾ) ਦੁਆਰਾ ਲਾਲ ਰੰਗ ਵਡਭਾਗਾ ਨਾਮ ਦਾ ਲਗਾ ਹੈ । ਮੈਂ ਆਤਮਕ ਤੌਰ ਤੇ ਜਾਗ ਰਿਹਾ ਹਾਂ । ਆਤਮਾ ਨਾਲ ਹੀ ਸਰੀਰ ਜਿਊਂਦਾ ਜਾਗਦਾ ਰਹਿ ਸਕਦਾ ਹੈ । ਸੋ ਤੁਹਾਨੂੰ ਕਿਵੇਂ ਮੈਂ ਸੁਤਾ ਭਾਸਦਾ ਹਾਂ । ਸੋ ਤੁਸੀਂ ਭੁੱਲੇ ਹੋ ਜਾਗਦੇ ਨੂੰ ਸੁਤਾ ਆਖਦੇ ਹੋ ਸੁੱਤੇ ਨੂੰ ਜਾਗਦਾ । ਤੁਸੀਂ ਜਾਗਣ ਤੇ ਸੌਣ ਦਾ ਫ਼ਰਕ ਨਹੀਂ ਸਮਝ ਸਕਦੇ ।

ਸੂਤੇ ਕੋ ਜਾਗਤ ਕਹੈ
ਜਾਗਤ ਕੋ ਸੂਤਾ

ਮੈਨੂੰ ਜਗਾਉਣ ਦੀ ਲੋੜ ਨਹੀਂ, ਮੈਂ ਸਦਾ ਜਾਗਦਾ ਰਹਾਂਗਾ ਜੇਕਰ ਤੁਸੀਂ ਜਾਗਣ ਤੇ ਸੌਣ ਦਾ ਫ਼ਰਕ ਸਮਝ ਲਵੋ ਤਦ ਤੁਸੀਂ ਮੈਨੂੰ ਬਾਰ ਬਾਰ ਜਗਾ ਨਹੀਂ ਸਕਦੇ । ਮੈਨੂੰ ਸਤਗੁਰੂ ਅਕਾਲ ਪੁਰਖ ਨੇ ਆਪ ਥਾਪੜਾ ਦੇ ਕੇ ਜਿਹਲ ਵਿਚ ਭੇਜਿਆ ਹੈ । ਇਹ ਉਸ ਦੇ ਬਹੁਰੰਗੀ ਚੋਜ ਹਨ ।

"ਤਿਥੈ ਊਂਘ ਨਾ ਭੁਖ ਹੈ
ਜਿਥੈ ਆਤਮ ਰਾਮ ਪਰਗਾਸ ।"

ਮੈਂ ਹਰ ਵੇਲੇ ਜਾਗ ਰਿਹਾ ਹਾਂ । ਤੁਸੀਂ ਭੁੱਲੇ ਹੋਏ ਜੋ ਮੈਨੂੰ ਬਾਰ ਬਾਰ ਜਾਗਣ ਲਈ ਆਖ ਰਹੇ ਹੋ :—

ਭੂਲੀ ਮਾਲਣੀ ਹੈ ਏਉ
ਸਤਗੁਰ ਜਾਗਤਾ ਹੈ ਦੇਉ

.........



www.AKJ.Org

www.AKJ.org

www.AKJ.Org